ਮਾਸਿਕ ਪੱਤਰ

ISSN 0971-7129

# ਸਾਡਾ ਵਿਰਸਾ ਸਾਡਾ ਗੌਰਵ

# Sada Virsa Sada Gourav



- ਸੂਫ਼ੀਮਤ ਦੇ ਚਿਸ਼ਤੀ ਸਿਲਸਿਲੇ ਨਾਲ ਸੰਬੰਧਿਤ
- ਪੰਜਾਬੀ ਸੂਫ਼ੀ ਕਾਵਿਧਾਰਾ ਦੇ ਮੋਢੀ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 36 ਬਾਣੀਕਾਰਾਂ 'ਚੋਂ ਇਕ ਹੋਣ ਦਾ ਮਾਣ

## ਬਾਬਾ ਸ਼ੇਖ ਫਰੀਦ ਜੀ

1173 ਈ: ਤੋਂ 1266 ਈ:

ਫਰੀਦਾ ਜਿਨ੍ੀ ਕੰਮੀ ਨਾਹਿ
ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ
ਸਾਂਈ ਦੈ ਦਰਬਾਰਿ॥੫੯॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੮੧)

20/-

ਸਤੰਬਰ 2020
September 2020

# ਸਿੱਖ ਬੌਧਿਕ ਪ੍ਰੰਪਰਾ ਦੇ ਸਿਰਢੀ ਵਿਦਵਾਨ

# ਗਿਆਨੀ ਦਿੱਤ ਸਿੰਘ



ਵਿਦਵਾਨ ਲੋਕ ਕਿਸੇ ਵੀ ਦੇਸ਼-ਕੌਮ ਦਾ ਸਰਮਾਇਆ ਹੁੰਦੇ ਹਨ। ਚੰਗੀਆਂ ਕੌਮਾਂ ਆਪਣੇ ਵਿਦਵਾਨਾਂ ਦੀ ਹਮੇਸ਼ਾ ਕਦਰ ਕਰਦੀਆਂ ਹਨ। ਸਿੱਖ ਕੌਮ ਨੂੰ ਜੇਕਰ ਵਿਦਵਾਨਾਂ ਦੀ ਕੌਮ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਵੀ ਨਹੀਂ। ਬੇਸ਼ੱਕ ਅਸੀਂ ਹਾਲੇ ਇਸ ਤੱਥ ਨੂੰ ਤਸਲੀਮ ਕਰਨ ਵਾਲੇ ਪਾਸੇ ਨਹੀਂ ਪਏ। 'ਸਿੱਖ' ਦਾ ਮਤਲਬ ਹੀ ਸਦਾ ਸਿੱਖਦਾ ਰਹਿਣ ਵਾਲਾ ਹੁੰਦਾ ਹੈ। ਏਸੇ ਲਈ ਹੀ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਪੰਥ ਨੂੰ 'ਗੁਰ-ਸਿੱਖਾਂ ਕਾ ਪੰਥ' ਜਾਂ 'ਨਿਰਮਲ ਪੰਥ' ਦੀ ਸੰਗਿਆ ਦਿੱਤੀ ਸੀ। ਸਿੱਖ ਕੌਮ ਦੀ ਸੋਹਣੀ ਫੁਲਵਾੜੀ ਨੂੰ ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਗੋਆ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਸਾਹਿਬ ਭਾਈ ਵੀਰ ਸਿੰਘ ਜਿਹੇ ਵਿਦਵਾਨਾਂ ਦੀ ਲੰਬੀ ਪਰਿਪਾਟੀ ਪ੍ਰਫੁੱਲਤ ਕਰਦੀ ਆਈ ਹੈ ਜਿਨ੍ਹਾਂ ਨੇ ਕੌਮ ਨੂੰ ਆਪੋ-ਆਪਣੇ ਸਮਿਆਂ ਦੀ ਗੁਰਮਤਿ-ਵਿਆਖਿਆਕਾਰੀ ਨਾਲ ਲਬਰੇਜ਼ ਕੀਤਾ।

1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਦ ਕੌਮ ਦੀ ਪਾਟੋ-ਧਾੜ ਤੇ ਡੋਗਰਾ-ਸ਼ਾਹੀ ਸਾਜਿਸ਼ਾਂ ਕਾਰਨ ਅਨੇਕਾਂ ਸਿੱਖ-ਐਂਗਲੋ ਜੰਗਾਂ ਤੋਂ ਬਾਦ 1849 ਈ. ਨੂੰ ਖਾਲਸਾਈ ਰਾਜ ਦਾ ਸੂਰਜ ਅਸਤ ਹੋ ਗਿਆ। ਕੌਮ ਦੀ ਗਿਣਾਤਮਕ ਅਤੇ ਗੁਣਾਤਮਕ ਗਿਣਤੀ ਨੂੰ ਵੱਡਾ ਖੋਰਾ ਲੱਗਣਾ ਸ਼ੁਰੂ ਹੋ ਗਿਆ। ਐਸੇ ਬਿਖੜੇ ਸਮਿਆਂ ਵਿੱਚ ਅਜੋਕੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਨੰਦਪੁਰ ਕਲੌੜ 'ਚ ਸੰਤ-ਆਤਮਾ ਸ੍ਰ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਭਾਗੀ ਕੁੱਖੋਂ ਬਾਲਕ ਦਿੱਤ ਸਿੰਘ ਦਾ ਜਨਮ ਹੋਇਆ।

ਪਹਿਲੇ-ਪਹਿਲ ਆਪ ਨੇ ਖਰੜ ਨੇੜੇ ਪਿੰਡ ਤਿਓੜ ਦੇ ਗੁਲਾਬਦਾਸੀ ਡੇਰੇ ਤੋਂ ਗੁਰਬਾਣੀ ਵਿਖਿਆਨ ਤੋਂ ਇਲਾਵਾ ਵੇਦਾਂਤ ਤੇ ਨੀਤੀ-ਸ਼ਾਸਤਰ ਆਦਿ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਆਪਣੀ ਜ਼ਹੀਨ-ਬੁੱਧੀ ਕਰਕੇ ਜਲਦ ਹੀ ਸੰਪਰਦਾਈ-ਸਫਾਂ 'ਚ ਹਰਮਨ ਪਿਆਰੇ ਹੋ ਗਏ। ਆਪ ਛੋਟੀ ਉਮਰੇ ਪ੍ਰਚਾਰ-ਵਹੀਰ ਦਾ ਹਿੱਸਾ ਬਣ ਕੇ ਪੰਜਾਬ ਦੇ ਕੋਨੇ-ਕੋਨੇ 'ਚ ਸਿੱਖੀ ਪ੍ਰਚਾਰ 'ਚ ਯੋਗਦਾਨ ਪਾਉਣ ਲੱਗੇ। ਪ੍ਰਚਾਰ ਦੌਰਿਆਂ ਦੌਰਾਨ ਹੀ ਆਪ ਦੀ ਮੁਲਾਕਾਤ ਉਸ ਸਮੇਂ ਦੀ ਮਾਇਆ-ਨਾਜ਼ ਹਸਤੀ ਪ੍ਰੋਫੈਸਰ ਗੁਰਮੁਖ ਸਿੰਘ ਨਾਲ ਹੋਈ। ਉਹਨਾਂ ਦੀ ਪ੍ਰੇਰਨਾ ਸਦਕਾ ਆਪ ਨੇ ਅਕਾਦਮਿਕ ਤਾਲੀਮ ਹਾਸਲ ਕਰਨ ਵੱਲ ਮੋੜਾ ਪਾਇਆ ਤੇ ਗਿਆਨੀ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਲਾਹੌਰ ਦੇ ਓਰੀਐਂਟਲ ਕਾਲਜ 'ਚ ਅਧਿਆਪਨ ਕਾਰਜ ਵਿੱਚ ਮਸ਼ਰੂਫ ਹੋ ਗਏ।

ਉਸ ਵਕਤ ਜਦ ਆਰੀਆ ਸਮਾਜ ਦੇ ਮੁਖੀ ਸੁਆਮੀ ਦਇਆਨੰਦ ਨੇ ਸਿੱਖ ਫ਼ਿਲਾਸਫ਼ੀ ਨੂੰ ਛਟਿਆਉਣ ਵਾਲੇ ਪਾਸੇ ਤੁਰਨਾ ਸ਼ੁਰੂ ਕੀਤਾ ਤਾਂ ਆਪ ਨੇ ਇੱਕ ਭਰੀ ਸਭਾ 'ਚ ਸੁਆਮੀ ਦਇਆਨੰਦ ਨੂੰ ਸਰੋਤਿਆਂ ਦੀ ਹਾਜ਼ਰੀ 'ਚ ਖੁਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਤੇ ਇਸ ਸੰਵਾਦੀ-ਬਹਿਸ 'ਚ ਲਗਾਤਾਰ ਤਿੰਨ ਵਾਰ ਉਸ ਨੂੰ ਪ੍ਰਤੱਖ ਰੂਪ 'ਚ ਹਰਾਇਆ। ਪ੍ਰੋਫੈਸਰ ਗੁਰਮੁਖ ਸਿੰਘ ਜੀ ਦੁਆਰਾ ਸ਼ੁਰੂ ਕੀਤੇ 'ਖਾਲਸਾ ਅਖਬਾਰ' ਨੂੰ ਵੀ ਆਪ ਨੇ ਅਨੇਕਾਂ ਦੁਸ਼ਵਾਰੀਆਂ ਦੇ ਬਾਵਜੂਦ ਆਖਰੀ ਸਵਾਸਾਂ ਤੱਕ ਚੱਲਦਾ ਰੱਖਿਆ। ਆਪ ਜੀ ਖਾਲਸਾ ਦੀਵਾਨ ਲਾਹੌਰ, ਖਾਲਸਾ ਅਖਬਾਰ ਲਾਹੌਰ, ਖਾਲਸਾ ਕਾਲਜ ਅੰਮ੍ਰਿਤਸਰ ਆਦਿਕ ਅਨੇਕਾਂ ਅਦਾਰਿਆਂ ਦੇ ਮੋਢੀਆਂ 'ਚ ਸ਼ੁਮਾਰ ਰਹੇ ਹਨ।

ਆਪ ਨੇ ਕੁੱਲ 71 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਜਿਨ੍ਹਾਂ ਵਿੱਚ ਗੁਰੂ ਨਾਨਕ ਪ੍ਰਬੋਧ, ਗੁਰੂ ਅਰਜੁਨ ਚਰਿੱਤਰ, ਦੰਭ-ਬਿਦਾਰਨ, ਦੁਰਗਾ ਪ੍ਰਬੋਧ, ਪੰਥ-ਪ੍ਰਬੋਧ, ਮੇਰਾ ਤੇ ਸਾਧੂ ਦਇਆਨੰਦ ਦਾ ਸੰਵਾਦ, ਅਬਲਾ ਨਾਰੀ ਆਦਿ ਜ਼ਿਕਰਯੋਗ ਹਨ। ਆਪ ਧਰਮ ਦੇ ਨਾਂ 'ਤੇ ਹੁੰਦੇ ਕਰਮ-ਕਾਂਡਾਂ ਦੇ ਸਖ਼ਤ ਵਿਰੋਧੀ ਸਨ। ਏਸੇ ਸੰਦਰਭ 'ਚ ਆਪ ਨੇ 'ਗੁੱਗਾ ਗਪੌੜਾ' ਦੇ ਨਾਂ ਥੱਲੇ ਇੱਕ ਪੂਰੀ ਪੁਸਤਕ ਛਪਾਈ ਜਿਸ ਵਿੱਚ ਗੁੱਗੇ ਦੇ ਨਾਂ 'ਤੇ ਲੋਕਾਂ 'ਚ ਪ੍ਰਚਾਰੇ ਜਾ ਚੁੱਕੇ ਅਨੇਕਾਂ ਲੋਕ-ਵਿਸ਼ਵਾਸਾਂ ਨੂੰ ਭੰਡਿਆ। ਅੰਤ ਆਪ 6 ਸਤੰਬਰ 1901 ਨੂੰ ਪ੍ਰਭੂ-ਹੁਕਮ ਅਨੁਸਾਰ ਲਾਹੌਰ ਵਿਖੇ ਸਚਖੰਡ ਪਿਆਨਾ ਕਰ ਗਏ। ਇਸ ਕੌਮੀ ਹੀਰੇ ਦੇ ਰੁਖਸਤ ਹੋਣ 'ਤੇ ਸਮੁੱਚੇ ਪੰਥ ਨੇ ਬੇਸ਼ੁਮਾਰ ਸੋਗ ਮਨਾਇਆ।

ਆਓ! ਇਸ ਮਹਾਨ ਵਿਦਵਾਨ ਦੇ ਸਿਦਕ-ਸਿਰੜ ਤੇ ਘਾਲਣਾ ਤੋਂ ਪ੍ਰੇਰਨਾ ਲੈਂਦੇ ਹੋਏ ਪੰਥ ਦੀ ਚੜ੍ਹਦੀ ਕਲਾ ਦੇ ਜ਼ਾਮਨ ਬਣੀਏ।

**ਅਮਰੀਕ ਸਿੰਘ ਸ਼ੇਰ ਖਾਂ, ਕਾਰਜਕਾਰੀ ਸੰਪਾਦਕ, ਪਿੰਡ ਤੇ ਡਾ: ਸ਼ੇਰ ਖਾਂ (ਫਿਰੋਜ਼ਪੁਰ) ਮੋਬਾਈਲ : 98157-58466**

ISSN 0971-7129

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ

# ਸਾਡਾ ਵਿਰਸਾ ਸਾਡਾ ਗੌਰਵ

www.ggssc.net

ਜਿਲਦ 46-9 (Vol 46-9) ਸਤੰਬਰ 2020 (September 2020) ਅੰਕ-531 (Issue 531)

**ਸਰਪ੍ਰਸਤ**

ਪ੍ਰਿੰ. ਰਾਮ ਸਿੰਘ

**ਮੁੱਖ ਸੰਪਾਦਕ (Chief Editor)**

ਡਾ. ਬਲਵਿੰਦਰਪਾਲ ਸਿੰਘ
Dr. Balwinder Pal Singh
ਐਡੀ: ਚੀਫ਼ ਆਰਗੇਨਾਈਜ਼ਰ
ਭਾਸ਼ਾਵਾਂ, ਸਾਹਿਤ ਤੇ ਸੱਭਿਆਚਾਰਕ ਮਾਮਲੇ

**ਕਾਰਜਕਾਰੀ ਸੰਪਾਦਕ**

ਡਾ. ਭੁਪਿੰਦਰ ਕੌਰ 'ਕਵਿਤਾ', ਹੁਸ਼ਿਆਰਪੁਰ
ਸ੍ਰ. ਅਮਰੀਕ ਸਿੰਘ, ਸ਼ੇਰ ਖਾਂ (ਫਿਰੋਜ਼ਪੁਰ)
ਸ੍ਰ. ਹਰਜਿੰਦਰ ਸਿੰਘ, ਮਾਣਕਪੁਰ (ਪੱਟੀ)

**ਪ੍ਰਬੰਧਕੀ ਸੰਪਾਦਕ - ਪ੍ਰਕਾਸ਼ਨ ਅਤੇ ਵਿਤਰਣ**

ਸ੍ਰ. ਜਸਬੀਰ ਸਿੰਘ
ਡਿਪਟੀ ਡਾਇਰੈਕਟਰ, ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ

**ਮੈਂਬਰ, ਸੰਪਾਦਕੀ ਬੋਰਡ**

ਸ੍ਰ. ਹਰਜੀਤ ਸਿੰਘ, ਵਿਜੇਪੁਰ, ਗੁਨਾ (ਮੱਧ ਪ੍ਰਦੇਸ਼)
ਡਾ. ਰਮਨਦੀਪ ਸਿੰਘ 'ਦੀਪ', ਬਟਾਲਾ (ਗੁਰਦਾਸਪੁਰ)
ਡਾ. ਗੁਰਜਿੰਦਰ ਸਿੰਘ, ਰੋਮਾਣਾ (ਬਠਿੰਡਾ)
ਸ੍ਰ. ਸਾਹਿਬ ਸਿੰਘ, ਸ੍ਰੀ ਮੁਕਤਸਰ ਸਾਹਿਬ
ਸ੍ਰ. ਵਿਸ਼ਾਲ ਸਾਜਨ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ

**ਸਲਾਹਕਾਰ**

ਡਾ. ਹਰੀ ਸਿੰਘ 'ਜਾਚਕ' ਐਡੀ: ਚੀਫ਼ ਸਕੱਤਰ (ਭਾਸ਼ਾਵਾਂ)
ਪ੍ਰਿੰ. ਡਾ. ਜਗਦੀਪ ਕੌਰ, ਗੱਜਣਮਾਜਰਾ, ਸੰਗਰੂਰ
ਪ੍ਰੋ. ਜਸਪ੍ਰੀਤ ਕੌਰ, ਸ੍ਰੀ ਅੰਮ੍ਰਿਤਸਰ ਸਾਹਿਬ
ਸ੍ਰ. ਜਸਵੰਤ ਸਿੰਘ 'ਅਮਨ', ਲੁਧਿਆਣਾ
ਸ੍ਰ. ਜਗਜੀਤ ਸਿੰਘ, ਲੁਧਿਆਣਾ

ਸੰਪਾਦਕੀ ਬੋਰਡ ਦੇ ਸਾਰੇ ਮੈਂਬਰ ਆਨਰੇਰੀ ਤੌਰ 'ਤੇ ਕਾਰਜਸ਼ੀਲ ਹਨ।

ਕੀ ਤੁਸੀਂ ਮੈਗਜ਼ੀਨ ਪੜ੍ਹਿਆ! ਆਪਣੀ ਫੀਡ ਬੈਕ ਇਹਨਾਂ ਨੰਬਰਾਂ 'ਤੇ ਦਿਉ : 98880-21699, 98157-58466

**ਈ-ਕਾਪੀ ਮੰਗਵਾਉਣ ਲਈ ਆਪਣਾ ਈ-ਮੇਲ ਮੋ. : 98882-66676 'ਤੇ ਵਟਸਐਪ ਕਰੋ ਜੀ।**

ਸ੍ਰ: ਰਣਜੀਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਫੁਆਇਲ ਪ੍ਰਿੰਟਰਜ਼, ਲੁਧਿਆਣਾ ਤੋਂ ਛਪਵਾ ਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਈ ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਤੋਂ 25-8-2020 ਨੂੰ ਪ੍ਰਕਾਸ਼ਤ ਕੀਤਾ।

ਸੰਪਾਦਕ ਡਾ. ਬਲਵਿੰਦਰਪਾਲ ਸਿੰਘ

Printer & Publisher Ranjit Singh Published on behalf of Guru Gobind Singh Study Circle, Model Town Extension, Ludhiana on 25-8-2020 printed at Foil Printer, 2051, Gobind Nagar, Ludhiana-141001.

Dr. Balwinder Pal Singh is the Editor.

## ਇਸ ਅੰਕ ਵਿਚ........

| | |
|---|---|
| ਚਾਨਣ ਮੁਨਾਰਾ | 4 |
| ਸੰਪਾਦਕੀ/ਨਵੇਂ ਹਾਲਾਤਾਂ ਅਨੁਸਾਰ ਜੀਵਨ ਦੀ ਤੋਰ ਤੁਰੀਏ! | 5 |
| ਜਨਮੁ ਬ੍ਰਿਥਾ ਜਾਤ | 7 |
| ਸਹਿਜ ਅਵੱਸਥਾ | 8 |
| ਪਰਥਾਇ ਸਾਖੀ ਮਹਾ ਪੁਰਖ ਬੋਲਦੇ | 9 |
| ਜਾਪੁ ਸਾਹਿਬ ਸਿਖਾਉਣਾ - ਇਕ ਪ੍ਰਭਾਵਸ਼ਾਲੀ ਤਰੀਕਾ | 12 |
| ਵਿਚਿ ਦੁਨੀਆ ਸੇਵ ਕਮਾਈਐ | 13 |
| ਬਲ-ਯੁਕਤ ਅਤੇ ਬੰਧਨ-ਮੁਕਤ ਹੋਣ ਦੇ ਸੁਨੇਹੇ | 15 |
| ਰਾਗ - ਵੈਰਾਗ - ਅਨੁਰਾਗ | 16 |
| ਗਾਇ ਰਬਾਬੀ ਆਸਾ ਵਾਰ | 17 |
| ਚਰਨਾਂ ਦੀ ਪ੍ਰੀਤ | 19 |
| ਭਗਤ ਕਬੀਰ ਜੀ | 20 |
| ਅਧਿਆਪਕ | 22 |
| ਪਗੜੀ ਸੰਭਾਲ ਸਿੱਖਾ | 23 |
| ਵੈਰਾਗ ਅਤੇ ਗੁਰਮਤਿ-ਵੈਰਾਗ (ਬੈਰਾਗ) | 25 |
| ਸੁਆਲ-ਜੁਆਬ | 27 |
| ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ | 29 |
| ਖੁਸ਼ੀਆਂ ਦਾ ਅਨੰਦਮਈ ਸਾਗਰ | 32 |
| ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ।। | 33 |

| Annual Subscription | Life Membership |
|---|---|
| Inland : Rs. 200 | Inland : Rs. 2,000 |
| Foreign : Rs. 2,500 / $ 50 / £ 30 | Foreign : Rs. 25,000 / $ 500 / £ 300 |

ਹੁਣ ਤੁਸੀਂ 'ਸਾਡਾ ਵਿਰਸਾ ਸਾਡਾ ਗੌਰਵ' ਦੀ ਮੈਂਬਰਸ਼ਿਪ ਫ਼ੋਨ ਜਾਂ ਈਮੇਲ ਰਾਹੀਂ ਵੀ ਪ੍ਰਾਪਤ ਕਰ ਸਕਦੇ ਹੋ।

Managing Editor *SADA VIRSA SADA GOURAV*

**Model Town Extension, Ludhiana-141 002 (Punjab, India)**

**Website : www.ggssc.net E-mail : info@ggssc.net**

ਮੈਗਜ਼ੀਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ/ਸੁਝਾਅ/ਮੈਂਬਰਸ਼ਿਪ ਲਈ ਮੋਬਾਈਲ ਨੰ: 98882-66676 'ਤੇ ਸੰਪਰਕ ਕਰੋ ਜੀ।

- ਸਾਡਾ ਵਿਰਸਾ ਸਾਡਾ ਗੌਰਵ, ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਵਲੋਂ ਸਕੂਲਾਂ ਤੇ ਸਮਾਜਿਕ ਸਿੱਖਿਆ ਕੇਂਦਰਾਂ ਤੇ ਲਾਇਬ੍ਰੇਰੀਆਂ ਲਈ ਪੱਤਰ ਨੰ: 8/23-83 ਐ:ਪੰ: (13-5-83) ਰਾਹੀਂ ਪ੍ਰਵਾਨਿਤ ਹੈ।
- ਸਾਡਾ ਵਿਰਸਾ ਸਾਡਾ ਗੌਰਵ ਵਿਚ ਛਪੇ ਲੇਖਾਂ ਵਿਚ ਪ੍ਰਗਟਾਏ ਵਿਚਾਰਾਂ ਨਾਲ 'ਸੰਪਾਦਕੀ ਬੋਰਡ' ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਚਾਨਣ ਮੁਨਾਰਾ

# ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥

**ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥** **(ਅੰਗ ੧੧੩੬)**

ਆਯੁਧਿਆ ਵਿਚ ਰਾਮ ਮੰਦਰ ਬਣਾਉਣ ਦੇ ਸੁਪਰੀਮ ਕੋਰਟ ਦੇ ਫੈਸਲੇ ਉਪਰੰਤ ਰਾਮ ਮੰਦਰ ਟਰੱਸਟ ਵਲੋਂ ਭੂਮੀ ਪੂਜਨ ਦੇ ਮੌਕੇ 5 ਅਗਸਤ, 2020 ਨੂੰ ਮਾਣਯੋਗ ਪ੍ਰਧਾਨ ਮੰਤਰੀ ਹੁਰਾਂ ਦਿੱਤੇ ਭਾਸ਼ਣ ਵਿਚ ਵੱਖ-ਵੱਖ ਰਮਾਇਣਾਂ ਦਾ ਜ਼ਿਕਰ ਕਰਦਿਆਂ 'ਗੋਬਿੰਦ ਰਮਾਇਣ' ਦਾ ਜ਼ਿਕਰ ਕੀਤਾ ਗਿਆ ਤੇ ਇਹ ਕਿਹਾ ਗਿਆ ਕਿ ''ਕਬੀਰ ਔਰ ਨਾਨਕ ਕੇ ਰਾਮ ਨਿਰਗੁਣ ਹੈਂ'' ਆਯੁਧਿਆ ਵਿਖੇ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਹੁਰਾਂ ਬਿਆਨ ਦਿੱਤਾ ਕਿ 'ਲਵਕੁਸ਼' ਤੋਂ ਚੱਲੀ ਅੰਸ਼ ਤੋਂ ਬੇਦੀ ਵੰਸ਼ ਚੱਲੀ ਅਤੇ ਉਸੇ ਬੇਦੀ ਕੁੱਲ ਵਿਚ ਗੁਰੂ ਨਾਨਕ ਪ੍ਰਗਟੇ।

ਸਿੱਖ ਪੰਥ ਦੇ ਵੱਖ-ਵੱਖ ਹਲਕਿਆਂ ਵਲੋਂ ਉਪਰੋਕਤ ਦੋਨਾਂ ਗੱਲਾਂ ਦਾ ਭਾਰੀ ਪ੍ਰਤੀਕਰਮ ਵੇਖਣ ਨੂੰ ਮਿਲਿਆ ਹੈ। ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ 52 ਕਵੀ ਸਨ ਜਿਨ੍ਹਾਂ ਨੇ ਮੌਲਿਕ ਤੇ ਅਨੁਵਾਦ ਰਚਨਾਵਾਂ ਦਾ ਭੰਡਾਰ ਰਚਿਆ ਸੀ। ਗੁਰੂ ਜੀ ਦੇ ਨਾਮ ਤੇ 'ਰਾਮ ਅਵਤਾਰ' ਰਚਨਾ ਭਾਸ਼ਾ ਵਿਭਾਗ ਅਤੇ ਹੋਰਨਾਂ ਕਈ ਪ੍ਰਕਾਸ਼ਕਾਂ ਵਲੋਂ ਦਸਮ ਗ੍ਰੰਥ ਦੇ ਸਰੋਤ ਤੋਂ ਪ੍ਰਕਾਸ਼ਤ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ ਜਾਂ ਉਨ੍ਹਾਂ ਦੇ ਦਰਬਾਰੀ ਸਾਹਿਤਕਾਰਾਂ ਵਲੋਂ ਲਿਖੇ ਸਾਹਿਤ ਵਿਚ ਅਵਤਾਰ ਪੂਜਾ ਦਾ ਕੋਈ ਉਪਦੇਸ਼ ਨਹੀਂ ਹੈ। ਦਸਮੇਸ਼ ਪਿਤਾ ਜੀ ਨੇ 'ਜਾਪੁ ਸਾਹਿਬ' ਵਿਚ ਗੁਰਬਾਣੀ ਦੇ ਅਨੁਸਾਰ ''ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ'' ਅਤੇ ਚੌਪਈ ਵਿਚ ''ਆਦਿ ਅੰਤ ਏਕੈ ਅਵਤਾਰਾ'' ਦਾ ਨਾਇਕ, ਪ੍ਰਗਟ ਤੇ ਜ਼ਾਹਰਾ ਕੀਤਾ ਹੈ। ਮੂਲ ਮੰਤਰ ਦਾ ''ੴ ਤੋਂ ਗੁਰਪ੍ਰਸਾਦਿ'' ਤੱਕ ਆਇਆ ਰੱਬੀ ਸਰੂਪ, ਸਿੱਖ ਧਰਮ ਦਾ ਨਾਇਕ 'ਨਿਰੰਕਾਰ' ਤੇ 'ਅਕਾਲ ਪੁਰਖ' ਹੈ।

ਸ੍ਰੀ ਰਾਮ ਚੰਦਰ ਜੀ, ਆਯੁਧਿਆ ਦੇ ਰਾਜਾ ਦਸ਼ਰਥ ਦੇ ਸਪੁੱਤਰ ਸਨ, ਅਸੀਂ ਉਹਨਾਂ ਦਾ ਸਤਿਕਾਰ ਕਰਦੇ ਹਾਂ, ਜਿਨ੍ਹਾਂ ਦੀ ਗਾਥਾ ਦੁਨੀਆ ਭਰ ਵਿਚ ਰਾਮਲੀਲਾ ਦੇ ਰੂਪ ਵਿਚ ਪ੍ਰਚਲਤ ਹੈ ਤੇ ''ਸੀਤਾਰਾਮ'' ਦੇ ਮੰਦਰ ਵੀ ਉਹਨਾਂ ਦੇ ਅਨੁਯਾਈਆਂ ਲਈ ਆਸਥਾ ਦਾ ਕੇਂਦਰ ਹਨ। ਗੁਰਬਾਣੀ ਵਿੱਚ ''ਰਾਮ'' ਨਾਮ ਪਰਮਾਤਮਾ ਦਾ ਉਹ ਸਰੂਪ ਹੈ ਜੋ ਗਾਡ, ਅੱਲਾ, ਬੀਠਲ, ਹਰੀ, ਭਗਵਾਨ ਦਾ ਭਾਵ ਦੱਸਦਾ ਹੈ ਜਿਸ ਨੇ ਸਾਰੀ ਦੁਨੀਆ ਸਾਜੀ ਹੈ, ਜੋ ਹਰ ਪ੍ਰਾਨੀ ਦੇ ਹਿਰਦੇ ਵਿੱਚ ਵਸਦਾ ਹੈ।

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥** **(ਅੰਗ ੯੮੮)**

ਜੇ ਕਿਸੇ ਵਲੋਂ ਸਾਹਿਤਕ ਲਿਖਤਾਂ ਦੇ ਹਵਾਲੇ ਨਾਲ, ਕੇਵਲ ਜਾਤ ਦੀ ਪਛਾਣ ਨਾਲ ਵੰਸ਼ ਨੂੰ ਜੋੜ ਕੇ, ਸਿੱਖ ਧਰਮ ਦੀ ਵਿਚਾਰਧਾਰਾ ਨੂੰ ਸੱਟ ਮਾਰੀ ਜਾਂਦੀ ਹੈ ਤਾਂ ਇਹ ਭਾਰਤੀ ਲੋਕਾਂ ਨੂੰ ਭੁਲੇਖੇ ਵਿਚ ਪਾਉਣਾ ਹੈ। ਸ੍ਰੀ ਰਾਮ ਚੰਦਰ ਜੀ ਚੰਗਿਆਈ ਅਤੇ ਰਾਵਣ ਬੁਰਿਆਈ ਦਾ ਪ੍ਰਤੀਕ ਹੈ - ਇਹ ਗੱਲ ਸਪੱਸ਼ਟ ਹੈ। ਪਰ ਗੁਰਬਾਣੀ ਵਿਚ ਆਏ 'ਰਾਮ' ਨੂੰ ਤ੍ਰੇਤਾ ਯੁੱਗ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਮੰਨ ਲੈਣਾ ਤੇ ਪ੍ਰਚਾਰਨਾ ਅਗਿਆਨਤਾ, ਸ਼ਰਾਰਤ ਅਤੇ ਸਾਜਸ਼ ਹੈ। ਸਿੱਖ ਧਰਮ ਕਿਸੇ ਜਾਤ, ਕੁਲ, ਬਰਾਦਰੀ ਦੀਆਂ ਲੀਹਾਂ ਨੂੰ ਨਹੀਂ ਮੰਨਦਾ।

ਇਹ ਇਕ ਵਿਗਿਆਨਕ ਤੇ ਮਨੋਵਿਗਿਆਨਕ ਸੱਚ ਹੈ ਕਿ ਰੱਬ ਆਪਣੇ ਰਹਿਬਰਾਂ, ਅਵਤਾਰਾਂ ਤੇ ਸੰਦੇਸ਼ ਵਾਹਕਾਂ ਨੂੰ ਸੰਸਾਰ ਵਿਚ ਭੇਜਦਾ ਹੈ, ਉਸ ਨੇ ਜਨਮ ਨਹੀਂ ਲੈਣਾ ਹੁੰਦਾ ਉਹ ਤਾਂ ਰੇਖ, ਭੇਖ, ਰੰਗ, ਰੂਪ, ਜਾਤ, ਜਨਮ, ਦੇਸ਼, ਧਰਮ, ਸਥਾਨ ਸਭ ਤੋਂ ਭਿੰਨ ਹੈ। ਸਿੱਖ ਧਰਮ ਅਵਤਾਰ ਪੂਜਾ ਵਿਚ ਨਿਸਚਾ ਨਹੀਂ ਰੱਖਦਾ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਭਗਤ ਬਾਣੀ ਜਾਂ ਭੱਟ ਬਾਣੀ ਵਿਚ ਅਵਤਾਰ ਪੁਰਖਾਂ ਦੇ ਜੋ ਹਵਾਲੇ ਆਏ ਹਨ, ਉਨ੍ਹਾਂ ਦੀ ਚਿਹਨਮਈ ਮਹੱਤਤਾ ਹੈ ਜੋ ਸਰਗੁਣ ਤੋਂ ਨਿਰਗੁਣ ਅਕਾਲ ਪੁਰਖ ਵੱਲ ਗਤੀਮਾਨ ਕਰਦੀ ਹੈ। ਜਨਮ ਲੈਣ ਤੇ ਅਕਾਲ ਚਲਾਣਾ ਕਰ ਜਾਣ ਵਾਲੇ ਸਭ ਗੁਰੂ ਪੀਰ ਅਵਤਾਰ, ਅਕਾਲ ਪੁਰਖ ਨਹੀਂ ਹੋ ਸਕਦੇ, ਗੁਰਬਾਣੀ ਦਾ ਨਿਰਣਾ ਹੈ।

ਸਭਨਾਂ ਜੀਆਂ ਕਾ ਇਕ ਦਾਤਾ, ਸਰਬਕਾਲੀ, ਸਰਬਥਾਂਈ, ਸਰਬ ਸਮਰੱਥਾ ਵਾਲਾ ਅਕਾਲ ਪੁਰਖ, ਰੱਬ, ਰਾਮ, ਅੱਲਾ, ਹਰੀ, ਸਿੱਖਾਂ ਦਾ ਵੀ ਤੇ ਸਭਨਾਂ ਦਾ ਰੱਬ ਹੈ। ''**ਰਾਮ ਜਨਾ ਕਉ ਰਾਮ ਭਰੋਸਾ।। (ਅੰਗ ੧੯੪)**''



ਸੰਪਾਦਕੀ

ਡਾ. ਬਲਵਿੰਦਰਪਾਲ ਸਿੰਘ
ਮੁੱਖ ਸੰਪਾਦਕ

# ਨਵੇਂ ਹਾਲਾਤਾਂ ਅਨੁਸਾਰ ਜੀਵਨ ਦੀ ਤੋਰ ਤੁਰੀਏ!

ਕਰੋਨਾ ਕਾਲ ਅਜੇ ਜਾਰੀ ਹੈ। ਕਈ ਬੱਚਿਆਂ ਅਤੇ ਬਜ਼ੁਰਗਾਂ ਨੂੰ ਇਹ ਨਹੀਂ ਪਤਾ ਕਿ ਇਹ ਕੀ ਚੀਜ਼ ਹੈ ਪਰ ਉਹ ਜਾਣਦੇ ਹਨ ਕਿ ਕੋਈ ਗੜਬੜ ਜ਼ਰੂਰ ਹੈ। ਪੁੱਛਦੇ ਨੇ, ''ਇਹ ਰੌਲਾ ਅਜੇ ਕਦੋਂ ਤੱਕ ਚੱਲਣੈ?'' ਬੱਚਿਆਂ ਵਾਸਤੇ ਤਾਂ ਮਾਸਕ ਲਗਾਉਣੇ, ਘੱਟ ਬਾਹਰ ਨਿਕਲਣਾ, ਬਾਹਰੋਂ ਸਮਾਨ ਨਾ ਮੰਗਵਾਉਣਾ ਤੇ ਸਕੂਲ ਹੀ ਬੰਦੇ ਹੋਣੇ, ਇਕ ਬੁਝਾਰਤ ਹੈ ਪਰ ਉਹ ਮਾਪਿਆਂ ਅਤੇ ਵੱਡਿਆਂ ਦੇ ਕਹੇ ਬਰਾਬਰ ਚੱਲੀ ਤੇ ਦੱਬੀ ਜਾ ਰਹੇ ਹਨ। ''ਵਿਸ਼ਵ ਸਿਹਤ ਸੰਸਥਾ (WHO) ਵਾਲੇ ਡਰਾ ਰਹੇ ਹਨ ਕਿ ਕਰੋਨਾ ਨੂੰ ਹਲਕੇ ਵਿਚ ਨਾ ਲਵੋ, ਦੋ ਕਰੋੜ ਤੋਂ ਵੱਧ ਕੇਸ ਹੋ ਗਏ ਨੇ ਤੇ ਲੱਖਾਂ ਮਰ ਗਏ ਨੇ, ਇਸ ਨੇ ਅਜੇ ਬਹੁਤ ਵੱਧਣਾ ਹੈ। ਇਸੇ ਦੌਰਾਨ ਕੁਝ ਕੁ ਇਸ ਨੂੰ ਮਹਾਂਮਾਰੀ ਮੰਨਣ ਲਈ ਤਿਆਰ ਨਹੀਂ ਹਨ ਅਤੇ ਹੋਰ ਬਿਮਾਰੀਆਂ ਅਤੇ ਹਾਦਸਿਆਂ ਨਾਲ ਵੱਧ ਮੌਤਾਂ ਹੋਣ ਦੀ ਗੱਲ ਆਖਦੇ ਹਨ। ਰੂਸ ਨੇ ਟੀਕੇ ਦੀ ਖੋਜ ਕਰ ਲੈਣ ਦਾ ਦਾਅਵਾ ਕੀਤਾ ਹੈ। ਹੋਰ ਦੇਸ਼ਾਂ ਵਿਚ ਵੀ ਜਿਵੇਂ ਇਸਰਾਈਲ, ਇੰਗਲੈਂਡ, ਅਮਰੀਕਾ ਆਦਿ ਨੇ ਵੈਕਸੀਨ ਦੀ ਖੋਜ ਦੇ ਐਨ ਨੇੜੇ ਪੁੱਜਣ ਦੇ ਦਾਅਵੇ ਕੀਤੇ ਹਨ। ਲਗਭਗ ਦੋ ਸਾਲਾਂ ਵਿਚ ਸਭ ਤੱਕ ਇਹ ਟੀਕੇ ਪੁੱਜਣ ਦੀ ਆਸ ਹੈ। ਭਾਰਤ ਵਰਗੇ ਭ੍ਰਿਸ਼ਟਾਚਾਰ ਨਾਲ ਲਿਪਤ ਦੇਸ਼ਾਂ ਵਿਚ ਨਕਲੀ ਟੀਕੇ ਵੀ ਕਰੋੜਾਂ ਦੀ ਗਿਣਤੀ ਵਿਚ ਬਣਨਗੇ। ਸਰਕਾਰਾਂ ਜੇ ਇਸ ਨੂੰ ਰਾਸ਼ਟਰ ਵਿਰੋਧੀ ਕਾਰਵਾਈ ਵਿਚ ਸ਼ਾਮਲ ਕਰ ਲੈਣ ਤਾਂ ਲੱਖਾਂ ਲੋਕ ਵਧੇਰੇ ਜੀਵਨ ਜੀਉ ਸਕਣਗੇ।

ਸਮਾਜਿਕ-ਧਾਰਮਿਕ ਇਕੱਠ ਬੜੀ ਕੋਸ਼ਿਸ਼ ਤੋਂ ਬਾਅਦ ਘਟੇ ਹੋਏ ਹਨ। ਜੋ ਲੋਕ ਧਰਮ ਸਥਾਨਾਂ 'ਤੇ ਨਹੀਂ ਜਾ ਰਹੇ, ਉਨ੍ਹਾਂ ਨੂੰ ਕੋਸਿਆ ਜਾ ਰਿਹਾ ਹੈ। ਸਰਕਾਰਾਂ ਨੂੰ ਸਹਿਯੋਗ ਦਿੱਤੇ ਬਿਨਾ ਕਰੋਨਾ ਦਾ ਹੱਲ ਨਹੀਂ ਹੋ ਸਕਦਾ। ਲੋਕ ਆਲੋਚਨਾ ਕਰਦੇ ਹਨ ਕਿ ਬੱਸ ਵਿਚ ਭਰ ਕੇ ਸਵਾਰੀਆਂ ਕਈ ਘੰਟੇ ਇਕੱਠੇ ਸਫ਼ਰ ਕਰ ਸਕਦੀਆਂ ਹਨ ਤਾਂ ਸਮਾਗਮਾਂ ਤੇ ਰੋਕ ਕਿਉਂ? ਆਰਥਕ ਮੰਦੀ ਤੇ ਖਸਤਾ ਹਾਲਤ ਹੋਣ ਕਰਕੇ, ਸਰਕਾਰ ਵਲੋਂ ਹਫੜਾ ਦਫੜੀ ਵਿਚ ਕਈ ਗਲਤ ਫੈਸਲੇ ਲੈ ਲਏ ਜਾਂਦੇ ਨੇ ਜਿਵੇਂ ਮੁਫਤ ਵਿਚ ਦਾਨ ਕੀਤਾ ਹੋਇਆ ਪਲਾਜ਼ਮਾ, ਪ੍ਰਾਈਵੇਟ ਹਸਪਤਾਲਾਂ ਰਾਹੀਂ ਵੀਹ ਹਜ਼ਾਰ ਦਾ ਵੇਚਣਗੇ, ਪਰ ਆਮ ਆਦਮੀ ਪਾਰਟੀ ਵਲੋਂ ਵਿਰੋਧ ਹੋਣ ਤੇ ਉਹ ਵਾਪਸ ਲੈ ਲਿਆ। ਸਿਰਫ ਸ਼ਨੀ, ਐਤ ਬੰਦ ਰੱਖਣ ਨਾਲ ਕੋਈ ਫਰਕ ਨਹੀਂ ਪੈਂਦਾ ਜਦੋਂ ਪੰਜ ਦਿਨ ਬਜ਼ਾਰਾਂ ਵਿਚ ਲੋਕ ਇਕੱਠ ਕਰਦੇ ਨੇ ਤੇ ਕਈਆਂ ਨੇ ਮਾਸਕ ਨਹੀਂ ਪਾਇਆ ਹੁੰਦਾ। ਸਰਕਾਰ ਨੇ ਸਖ਼ਤੀ ਕੀਤੀ ਤਾਂ ਲੋਕ ਰੌਲਾ ਪਾਣ ਲੱਗ ਜਾਂਦੇ ਨੇ।

ਨਕਲੀ ਸ਼ਰਾਬ ਅਤੇ ਜ਼ਹਿਰੀਲੀ ਸ਼ਰਾਬ ਦੇ ਮਸਲੇ 'ਤੇ ਸਰਕਾਰ ਦੀ ਨਾਕਾਮੀ ਹੋਈ ਹੈ ਤੇ ਖ਼ਜ਼ਾਨੇ ਨੂੰ ਹੋਈ ਹਾਨੀ ਦਾ, ਵਿੱਤ ਮੰਤਰੀ ਵਰਗਾ ਉੱਚੀ ਸੁੱਚੀ ਸੋਚ ਵਾਲਾ ਵਿਅਕਤੀ ਵੀ ਬਹੁਤਾ ਬੋਲਣ ਤੋਂ ਝਿਜਕਦਾ ਹੀ ਰਿਹਾ ਹੈ। ਇਹ ਸਿਲਸਿਲਾ ਕਦੇ ਵੀ ਬੰਦ ਹੋਣ ਵਾਲਾ ਨਹੀਂ ਕਿਉਂਕਿ 2022 ਦੇ ਸ਼ੁਰੂ ਵਿਚ ਜੋ ਸੂਬੇ ਦੀਆਂ ਚੋਣਾਂ ਹੋਣੀਆਂ ਹਨ, ਉਸ ਵਿਚ ਅਸਲ ਸ਼ਰਾਬ ਤਾਂ ਬਹੁਤ ਮਹਿੰਗੀ ਪਵੇਗੀ, ਇਸੇ ਨਕਲੀ ਸ਼ਰਾਬ ਨਾਲ ਹੀ ਗਰੀਬ ਵੋਟਰ ਨਸ਼ਈਆਂ ਨੂੰ ਭਰਮਾਇਆ ਜਾਏਗਾ। ਰਾਜਸੀ ਜ਼ਰੂਰੀ ਦੋਸ਼ (Necessary Evil) ਹੋਣ ਕਰਕੇ ਇਸ ਨੂੰ ਚਲਦਾ ਰੱਖਣ ਵਿਚ ਹੀ ਸਭ ਪਾਰਟੀਆਂ ਦਾ ਲਾਭ ਦੇਖਿਆ ਜਾਂਦੈ।

ਇਸੇ ਦੌਰਾਨ ਵਿਦਿਅਕ, ਸਭਿਆਚਾਰਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਹੋ ਰਹੇ ਆਨ ਲਾਈਨ ਵੈਬੀਨਾਰ ਬੜੀ ਸਫ਼ਲਤਾ ਨਾਲ ਗਿਆਨ, ਰਸ, ਸੋਹਜ, ਸੇਧ ਅਤੇ ਅਭਿਆਸ ਦਾ ਛੱਟਾ ਦੇ ਰਹੇ ਹਨ। ਕੁਝ ਵਿਚਾਰਕ ਇਨ੍ਹਾਂ ਨੂੰ ਉੱਕਾ ਹੀ ਬੇਕਾਰ ਅਤੇ ਨਿਰਾਰਥਕ ਮੰਨਦੇ ਹਨ ਜਿਵੇਂ ਕਿ ਆਨਲਾਈਨ ਪੜ੍ਹਾਈ ਨੂੰ ਵੀ। ਪਰ, ਅਸੀਂ ਦੇਖਿਆ ਹੈ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਕਰਵਾਏ ਗਏ 200 ਤੋਂ ਵੱਧ ਛੋਟੇ ਵੱਡੇ ਵੈਬੀਨਾਰਾਂ ਵਿਚ ਕਰੋਨਾ, ਖੇਤੀਬਾੜੀ, ਆਰਥਿਕ ਵਿਕਾਸ, ਉਦਯੋਗ, ਵਿਦਿਅਕ ਵਿਸ਼ੇ, ਧਾਰਮਿਕ ਵਿਸ਼ੇ, ਗੁਰੂ ਤੇਗ ਬਹਾਦਰ ਸਾਹਿਬ ਦੇ 400ਵੇਂ ਜਨਮ ਵਰ੍ਹੇ, ਜਥੇਬੰਦਕ ਅਨੁਸ਼ਾਸਨ ਆਦਿ ਦੀ ਭਰਪੂਰ ਚਰਚਾ ਹੁੰਦੀ ਰਹੀ ਹੈ। ''ਅਸੀਂ ਵਿਗਿਆਨੀ ਕਿਵੇਂ ਬਣੀਏ?'' ਵੈਬੀਨਾਰ ਵਿਚ ਬੰਗਲੌਰ ਦੇ ਇਸਰੋ ਦੇ ਡਿਪਟੀ ਪ੍ਰਾਜੈਕਟ ਡਾਇਰੈਕਟਰ, ਸ੍ਰ. ਮਹਿੰਦਰਪਾਲ ਸਿੰਘ ਹੁਰਾਂ ਦੇ ਵਿਚਾਰ ਸੁਣਨ ਅਤੇ ਆਪਣੇ ਪ੍ਰਸ਼ਨਾਂ ਦੇ ਜਵਾਬ ਲੱਭਣ ਲਈ ਪੰਜ ਸੌ ਵਿਦਿਆਰਥੀ ਜ਼ੂਮ ਉੱਤੇ ਅਤੇ ਸਾਢੇ ਤਿੰਨ ਸੌ ਤੋਂ ਵੱਧ ਯੂ ਟਿਊਬ ਉੱਤੇ ਸੁਣਦੇ ਪੁੱਛਦੇ ਰਹੇ। ਯੂਨੀਵਰਸਿਟੀਆਂ, ਕਾਲਜ, ਸੰਸਥਾਵਾਂ, ਨਿਰਧਾਰਤ ਰਾਗਾਂ ਵਿਚ ਗੁਰਬਾਣੀ ਗਾਇਣ ਦੀ ਲੜੀ, ਸਿੱਖੀ ਸਪੀਕਸ ਵਲੋਂ ਸਟਰੀਮਯਾਰਡ ਤੇ ਵਾਰਤਾਵਾਂ, ਸੁਕਿਰਤ ਵਲੋਂ 55 ਦਿਨ ਦੀ ਰੋਜ਼ਾਨਾ ਕਲਾਸ, ਸਟੱਡੀ ਸਰਕਲ ਦੇ ਜ਼ੋਨਾਂ ਅਤੇ ਸਟੇਟਾਂ ਵਲੋਂ ਕੀਤੇ ਵੈਬੀਨਾਰ, ''ਸਰਬ ਰੋਗ ਕਾ ਅਉਖਦੁ ਨਾਮ'', ਸਿੰਘ ਸਭਾਵਾਂ ਵਲੋਂ ਵੈਬੀਨਾਰ, ਵਪਾਰਕ ਸੰਗਠਨਾਂ, ਪ੍ਰਬੰਧਕੀ ਸੰਸਥਾਵਾਂ ਤੇ ਹੋਰਨਾਂ ਵਲੋਂ ਲੋਕਾਂ ਨੂੰ ਇਕ ਗਿਆਨ ਪਸਾਰ ਨਾਲ ਬੰਨਿਆ ਹੈ। ਇਸ ਨਾਲ ਕੀ ਪ੍ਰਭਾਵ ਪਵੇਗਾ? ਨਿਸਚੇ ਹੀ ਸਰੋਤਿਆਂ ਵਲੋਂ ਸੁਣੇ, ਸੰਭਾਲੇ ਤੱਤਾਂ 'ਤੇ ਨਿਰਭਰ ਕਰਦਾ ਹੈ।

ਆਉਂਦੇ ਸਮੇਂ ਵਿਚ ਵਿਦਿਅਕ ਸੰਸਥਾਵਾਂ, ਆਵਾਜ਼ਾਈ, ਧਾਰਮਿਕ, ਸਮਾਜਿਕ ਸਮਾਗਮ, ਵੱਡੇ ਤਿਉਹਾਰ ਅਤੇ ਗੁਰਪੁਰਬ ਵੀ ਆਉਣੇ ਹਨ।

ਸਰਕਾਰਾਂ ਅਤੇ ਮੀਡੀਆ ਸਹਿਤ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਸੰਜਮ ਨਾਲ ਹੀ ਇਨ੍ਹਾਂ ਵਿਚ ਸ਼ਾਮਲ ਹੋਣ। ਆਮ ਵੀਡੀਓਜ਼ ਦੇਖ ਕੇ ਜਾਂ ਪ੍ਰਬੰਧਕਾਂ ਦੇ ਖਾਣ ਪੀਣ ਜਾਂ ਇਨਾਮ ਆਦਿ ਦੇ ਲਾਲਚ ਵਿਚ ਨਾ ਫਸਣ। ਕਿਸੇ ਵਰ-ਸਰਾਪ ਦੀ ਲਾਲਚ-ਧਮਕੀ ਵਿਚ ਨਹੀਂ ਆਉਣਾ ਚਾਹੀਦਾ। ਸਿਹਤ ਅਤੇ ਮਹਾਂਮਾਰੀ ਦੇ ਮਾਹਿਰਾਂ ਵਲੋਂ ਦਿੱਤੇ ਆਦੇਸ਼ਾਂ ਅਨੁਸਾਰ ਹੀ ਸ਼ਾਮਲ ਹੋਣਾ ਚਾਹੀਦਾ ਹੈ।

ਵਪਾਰੀਆਂ ਦੁਕਾਨਦਾਰਾਂ ਵਲੋਂ ਘਰਾਂ ਵਿਚ ਸਮਾਨ ਭੇਜਣ ਦੀ ਘੱਟੋ-ਘੱਟ ਖਰੀਦ ਸੀਮਾ ਰੱਖੀ ਗਈ ਹੈ। ਜੇ ਇਕ ਸਟੋਰ ਤੋਂ ਹੁਣ ਤੱਕ ਦਸ ਹਜ਼ਾਰ ਦਾ ਸਮਾਨ ਖ੍ਰੀਦ ਚੁੱਕੇ ਹਾਂ ਤਾਂ ਉਸ ਨੂੰ ਪੰਜ ਸੌ ਦਾ ਭੇਜਣ ਵਿਚ ਤਕਲੀਫ਼ ਹੁੰਦੀ ਹੈ ਕਿਉਂਕਿ ਘੱਟੋ-ਘੱਟ ਸੀਮਾ ਪੰਝੱਤਰ ਸੌ ਹੈ। ਦੱਸੋ! ਕੁਲ ਤਾਂ ਦਸ ਹਜ਼ਾਰ ਤੋਂ ਵੱਧ ਗਿਐ ਤੇ ਪੰਜ ਸੌ ਦਾ ਨਹੀਂ ਭੇਜ ਸਕਦੇ? ਕਹਿੰਦੇ ਬਜ਼ਾਰਾਂ ਵਿਚ ਗਾਹਕ ਨਹੀਂ ਹੈ। ਕਾਰਾਂ ਦੀ ਵਰਤੋਂ ਵੱਧ ਹੋਣ ਕਰਕੇ, ਕਈ ਬਜ਼ਾਰਾਂ ਵਿਚ ਕਾਰ ਖੜ੍ਹੀ ਕਰਨ ਦੀ ਥਾਂ ਨਹੀਂ। ਵੱਡੀਆਂ ਐਸ.ਯੂ.ਵੀਜ਼ ਹੀ ਸਾਰਾ ਰਸਤਾ ਰੋਕ ਕੇ ਖੜ੍ਹੀਆਂ ਹੁੰਦੀਆਂ ਹਨ। ਅਸੀਂ ਤਾਂ ਦੋ ਚਾਰ ਵਾਰ ਬਿਨਾਂ ਖ੍ਰੀਦੇ ਹੀ ਵਾਪਸ ਆ ਗਏ। ਹੋਰ ਕਈ ਮੁੜੇ ਹੋਣਗੇ।

ਨਵੇਂ ਹਾਲਾਤਾਂ ਵਿਚ ਘਰਾਂ ਵਿਚ ਜਿਵੇਂ ਜ਼ਮੈਟੋ ਤੇ ਕੋਰੀਅਰ ਆਦਿ ਦੇ ਲੜਕੇ ਹਨ, ਵਪਾਰੀਆਂ ਦੁਕਾਨਦਾਰਾਂ ਨੂੰ ਵੀ ਆਪਣੇ ਤੌਰ ਤਰੀਕੇ ਬਦਲਣੇ ਪੈਣਗੇ। ਆਨ-ਲਾਈਨ ਸ਼ਾਪਿੰਗ ਦਾ ਰਿਵਾਜ਼ ਏਸੇ ਕਰਕੇ ਵੱਧ ਰਿਹਾ ਹੈ ਕਿਉਂਕਿ ਦੁਕਾਨਾਂ ’ਤੇ ਜਾਣਾ, ਸੁਰੱਖਿਅਤ ਰਹਿਣਾ ਤੇ ਸਹੀ ਸਮਾਨ ਖਰੀਦ ਕੇ ਲਿਆ ਸਕਣਾ ਬਹੁਤ ਵਾਰ ਔਖਾ ਲਗਦਾ ਹੈ। ਬੈਂਕਾਂ ਵਲੋਂ ਵਿਆਜ ਦਰ ਐਫ.ਡੀਆਂ ’ਤੇ ਘਟਾਉਣ ਅਤੇ ਬੇਰੁਜ਼ਗਾਰੀ ਦੇ ਕਾਰਣ ਵੀ ਗਾਹਕੀ ਦਾ ਫਰਕ ਪਿਆ ਹੈ। ਆਉਣ ਵਾਲੇ ਸੀਜ਼ਨ ਵਿਚ ਤੇਜ਼ੀ ਕੁਝ ਹੱਦ ਤੱਕ ਆਉਣ ਦੀ ਸੰਭਾਵਨਾ ਹੈ।

ਹੋਟਲਾਂ, ਢਾਬਿਆਂ ਤੇ ਰੈਸਟੋਰੈਂਟਾਂ ਤੋਂ ਬਿਨਾਂ ਸਮਾਜ ਨਹੀਂ ਚੱਲ ਸਕਦਾ। ਕੰਮਕਾਜੀ ਮੁਲਾਜ਼ਮ ਅਤੇ ਘਰੋਂ ਬਾਹਰ ਕੰਮਾਂਕਾਰਾਂ ਤੇ ਨਿਕਲੇ ਲੋਕ, ਇਨ੍ਹਾਂ ਸਸਤੇ, ਦਰਮਿਆਨੇ ਅਤੇ ਮਹਿੰਗੇ, ਤਿੰਨੋ ਤਰ੍ਹਾਂ ਦੇ ਸਥਾਨਾਂ ’ਤੇ ਆਪਣੇ ਵਿੱਤ ਅਨੁਸਾਰ ਭੋਜਨ ਕਰਦੇ ਹਨ। ਹੁਣ ਘਰਾਂ ਵਿਚ ਬਹੁਤ ਵਸਤਾਂ, ਵੰਨ ਸੁਵੰਨੇ ਪਕਵਾਨ, ਕੇਕ ਆਦਿ ਵੀ ਬਣਨ ਲੱਗੇ ਹਨ। ਇਕ ਸ਼ਿਕਾਇਤ ਖ਼ਬਰਾਂ ਵਿਚ ਵੀ ਆਉਂਦੀ ਰਹਿੰਦੀ ਹੈ ਤੇ ਲੋਕਾਂ ਦੇ ਤਜ਼ਰਬੇ ਨੇ ਵੀ ਮਹਿਸੂਸ ਕੀਤੀ ਹੈ ਕਿ ‘‘ਬਾਹਰ ਦੇ ਖਾਣੇ ਦੀ ਓਨੀ ਸਫ਼ਾਈ ਨਹੀਂ ਹੁੰਦੀ।’’ ਇਹ ਤਾਂ ਸੱਚ ਹੈ ਕਿ ਬਚੇ ਹੋਏ ਸਮਾਨ ਨੂੰ ਫਰੀਜ਼ਰ ਵਿਚ ਰੱਖ ਕੇ ਅਗਲੇ ਦਿਨ ਵਰਤਣ ਤੋਂ ਪਹਿਲਾਂ, ਮਾਲਕ ਨਹੀਂ ਸਗੋਂ ਲੇਬਰ ਹੀ ਚੈਕ ਕਰਦੀ ਹੈ, ਉਹ ਵੀ ਲਾਪਰਵਾਹੀ ਨਾਲ। ਜਦੋਂ ਦੋ ਚਾਰ ਥਾਵਾਂ ਦੀਆਂ ਵੀਡੀਓਜ਼ ਵਾਇਰਲ ਹੁੰਦੀਆਂ ਹਨ ਤਾਂ ਸਾਫ਼ ਸੁਥਰੀਆਂ ਥਾਵਾਂ ਤੋਂ ਵੀ ਲੋਕ ਡਰਨ ਲੱਗਦੇ ਹਨ। ਹੋਟਲ ਢਾਬਾ ਮਾਲਕਾਂ ਦੇ ਸੰਗਠਨ ਇਸ ਪਾਸੇ ਜ਼ਰੂਰ ਧਿਆਨ ਦੇਣ।

ਹੋਟਲਾਂ, ਧਾਰਮਿਕ ਸਥਾਨਾਂ ਦੀਆਂ ਸਰਾਵਾਂ, ਧਰਮਸ਼ਾਲਾਵਾਂ ਆਦਿ ਦੇ ਕਮਰਿਆਂ ਨੂੰ ਸੈਨੇਟਾਈਜ਼ ਹਰ ਵੇਲੇ ਕਰ ਰੱਖਣ ਵਿਚ ਜੋ ਖਰਚ ਹੋਣਾ ਹੈ, ਜੇ ਉਸ ਤੋਂ ਬਚਣ ਲਈ ਸਸਤਾ ਜਿਹਾ ਨਕਲੀ ਸਪਰੇਅ ਮਾਰਕੇ ਕੰਮ ਚਲਾਇਆ ਗਿਆ ਤਾਂ ਲੋਕਾਂ ਦੀ ਆਵਾਜਾਈ ਨਹੀਂ ਵੱਧ ਸਕੇਗੀ। ਇਸ ਨੂੰ ਕਿਸੇ ਨੇ ਚੈੱਕ ਨਹੀਂ ਕਰਨ ਆਉਣਾ, ਕੇਵਲ ਅੰਦਰੂਨੀ ਅਨੁਸ਼ਾਸਨ ਹੀ ਕਾਰਜ ਕਰੇਗਾ। ਟੂਰਿਜ਼ਮ ਨੂੰ ਸੁਰੱਖਿਅਤ ਬਨਾਉਣ ਲਈ ਵਿਦੇਸ਼ਾਂ ਨੇ ਯਤਨ ਕੀਤੇ ਹਨ, ਉਨ੍ਹਾਂ ਦੇ ਅਨੁਭਵ ਤੋਂ ਸਿੱਖਣਾ ਚਾਹੀਦਾ ਹੈ।

ਸਰਕਾਰਾਂ ਵਲੋਂ ਪੱਕੇ ਪ੍ਰਬੰਧ ਵਧਾਉਣ ਲਈ ਵੱਡੇ ਪੱਧਰ ’ਤੇ ਯਤਨਾਂ ਦੀ ਅਜੇ ਉਡੀਕ ਹੈ। ਕਰੋਨਾ ਨੂੰ ਇਕ ਆਰਜ਼ੀ ਬਿਮਾਰੀ ਸਮਝ ਕੇ ਕੀਤੇ ਜਾ ਰਹੇ ਯਤਨਾਂ ਨਾਲੋਂ, ਆਉਣ ਵਾਲੇ ਖਤਰਿਆਂ ਦੇ ਬਚਾਅ ਲਈ ਇਮਾਰਤਾਂ, ਮਸ਼ੀਨਾਂ, ਸਿੱਖਿਅਤ ਸਟਾਫ਼, ਯੰਤਰ-ਪੁਸ਼ਾਕਾਂ ਆਦਿ ਦਾ ਪ੍ਰਬੰਧ ਕਰਨ ਦੀ ਲੋੜ ਹੈ। ਪਰਮਾਤਮਾ ਕਰੇ, ਸੰਸਾਰ ਵਿਚੋਂ ਇਹ ਬਿਮਾਰੀ ਦੂਰ ਹੋਵੇ ਅਤੇ ਸਾਰੇ ਦੇਸ਼ਾਂ ਦੇ ਸਾਰੇ ਲੋਕ ਸਿਹਤਮੰਦ ਹੋ ਕੇ ਗਰੀਬੀ, ਅਨਪੜ੍ਹਤਾ, ਨ਼ਫਰਤ, ਹਿੰਸਾ ਅਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਸੰਘਰਸ਼ ਕਰ ਸਕਣ। ◆

## ਸਬਰ ਤੇ ਸ਼ੁਕਰ

ਮਨੁੱਖ ਨੇ ਜੀਵਨ ਤਾਂ ਜੀਊਣਾ ਹੀ ਹੈ, ਭਾਵੇਂ ਕਰਤਾਰ ਦੀ ਰਜ਼ਾ ਵਿਚ ਰਹਿੰਦਿਆਂ ਵਾਹ! ਵਾਹ!!, ਭਲਾ! ਭਲਾ!!, ਸ਼ੁਕਰ ਹੈ! ਸ਼ੁਕਰ ਹੈ!! ਕਰਦਿਆਂ ਸਫ਼ਲਾ ਜੀਊਂ ਲਈਏ ਤੇ ਭਾਵੇਂ ਹਾਏ ਹਾਏ, ਮਾਰੇ ਗਏ-ਮਾਰੇ ਗਏ ਕਲਪਦਿਆਂ ਲੋਭ ਲਾਲਚ ਦੀ ਅੱਗ ਵਿਚ ਭੁਜਦਿਆਂ ਲੰਘਾ ਛੱਡੀਏ।

ਅਸੀਂ ਕਿੱਡੇ ਵਡਭਾਗੀ ਹਾਂ। ਵਾਹ.....ਵਾਹ...! ਗੁਰਬਾਣੀ ਨੇ ਤਾਂ ਧਰਮ ਵਾਲਾ ਰਾਹ ਵਿਖਾ ਕੇ ਮਨੁੱਖ ਦੀ ਜੀਵਨ-ਦ੍ਰਿਸ਼ਟੀ ਹੀ ਬਦਲ ਦਿੱਤੀ ਹੈ। ਗੁਰਸਿੱਖ ਨੂੰ ਖੁਸ਼ ਹੋਣ ਲਈ ਪਦਾਰਥਕ ਲੋਭ ਲਾਲਚ ਦੀ ਝਾਕ ਨਹੀਂ ਹੁੰਦੀ, ਗੁਰਸਿੱਖ ਤਾਂ ਸੱਜਰੀ ਤੇ ਸਦ ਨਵੀਂ ਆਤਮਕ ਸ਼ਕਤੀ ਨਾਲ ਨਿਤ ਨਵੇਂ ਦਿਨ ਲੈਸ ਹੋ ਕੇ ‘ਸਬਰ ਤੇ ਸ਼ੁਕਰ’ ਦੀਆਂ ਮਾਨਸਕ ਸੁਗਾਤਾਂ ਦਾ ਅਨੰਦ ਭੋਗਦਾ ਹੈ।

ਸੰਸਾਰਕ ਦੁੱਖਾਂ ਤੇ ਸੁਖਾਂ ਨੂੰ ਝੱਲਣਾ ਸਬਰ ਹੈ, ਪ੍ਰਭੂ ਦੀਆਂ ਦਾਤਾਂ ਤੇ ਸੌਗ਼ਾਤਾਂ ਵੇਖ ਕੇ ਉਮਾਹ ਵਿਚ ਆਉਣਾ ਤੇ ਕਹਿਣਾ ‘ਵਾਹਿਗੁਰੂ ਤੇਰਾ ਸ਼ੁਕਰ ਹੈ!’ ਕ੍ਰਿਤਾਰਥ ਹੋਣਾ ਹੈ।

- ਵਿਰਸਾ ਬਿਊਰੋ

ਸਰੰਜਾਮਿ ਲਾਗੁ

# ਜਨਮੁ ਬ੍ਰਿਥਾ ਜਾਤ

**ਭਾਈ ਬਲਜੀਤ ਸਿੰਘ**
ਵਾਈਸ ਚੇਅਰਮੈਨ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ
ਮੋ. 99140-17085

ਸ੍ਰੀ ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ:

**ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥**
**ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥ (ਅੰਗ 1427)**

ਭਾਵ ਕਿ ਮਨੁੱਖ ਦਿਨ ਰਾਤ ਮਾਇਆ ਦੀ ਖਾਤਰ ਡੋਲਦਾ ਭਟਕਦਾ ਰਹਿੰਦਾ ਹੈ ਅਤੇ ਕਰੋੜਾਂ ਵਿੱਚ ਕੋਈ ਵਿਰਲਾ ਹੀ ਹੁੰਦਾ ਹੈ ਜਿਹੜਾ ਪਰਮਾਤਮਾ ਦੀ ਯਾਦ ਹਿਰਦੇ ਵਿੱਚ ਵਸਾਉਂਦਾ ਹੈ।

ਗੁਰੂ ਸਾਹਿਬ ਨੇ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਪ੍ਰਮੇਸ਼ਰ ਦੇ ਨਾਮ ਨਾਲ ਜੁੜਨ ਦੀ ਨਸੀਹਤ ਕੀਤੀ ਹੈ। ਸਮਝਾਇਆ ਹੈ ਕਿ ਮਾਇਆ ਸਾਥ ਨਹੀਂ ਜਾਵੇਗੀ ਸਗੋਂ ਪਰਮਾਤਮਾ ਦਾ ਨਾਮ ਜਪਿਆ ਹੀ ਰੱਬੀ ਦਰਗਾਹ ਵਿੱਚ ਸਹਾਈ ਹੋਵੇਗਾ। ਭਾਵੇਂ ਕਿ ਦੁਨੀਆ ਵਿੱਚ ਵਿਚਰਦਿਆਂ ਹਰੇਕ ਕਾਰਜ ਲਈ ਮਾਇਆ ਦੀ ਜ਼ਰੂਰਤ ਪੈਂਦੀ ਹੈ, ਇਸ ਲਈ ਗੁਜ਼ਾਰੇ ਜੋਗੀ ਜਾਂ ਸੰਸਾਰਕ ਲੋੜਾਂ ਪੂਰੀਆਂ ਕਰਨ ਲਈ ਤਾਂ ਮਾਇਆ ਕਮਾਉਣੀ ਚਾਹੀਦੀ ਹੈ ਪਰ ਜੀਵਨ ਦਾ ਨਿਸ਼ਾਨਾ ਹੀ ਮਾਇਆ ਇਕੱਠੀ ਕਰਨਾ ਮਿਥ ਲੈਣਾ, ਜੀਵਨ ਵਿਅਰਥ ਗੁਆਉਣ ਵਾਲੀ ਗੱਲ ਹੈ। ਜੇ ਮਾਇਆ ਨੂੰ ਦਾਸੀ ਬਣਾ ਕੇ ਰੱਖਿਆ ਜਾਵੇ ਤਾਂ ਕੰਮ ਸਵਾਰਦੀ ਹੈ ਪਰ ਜੇ ਮਾਇਆ ਦੇ ਗੁਲਾਮ ਬਣ ਗਏ ਤਾਂ ਜੀਵਨ ਬਰਬਾਦ ਹੋ ਜਾਵੇਗਾ। ਜਿਵੇਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ:

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ (ਅੰਗ 510)**

ਪਰ ਕੋਈ ਵਿਰਲਾ ਹੀ ਗੁਰਮੁੱਖ ਪਿਆਰਾ ਹੁੰਦਾ ਹੈ ਜੋ ਇਸ ਦੇ ਜ਼ਹਿਰ ਤੋਂ ਬਚਦਾ ਹੈ। ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨਪੁਰ ਲੋਧੀ ਤੋਂ ਬਿਆਸ ਦਰਿਆ ਪਾਰ ਕਰਕੇ, ਉਸ ਸਥਾਨ 'ਤੇ ਪਹੁੰਚੇ ਜਿਥੇ ਹੁਣ ਗੋਇੰਦਵਾਲ ਸਾਹਿਬ ਹੈ ਤਾਂ ਕੀਰਤਨ ਕਰਕੇ ਸਤਿਸੰਗ ਹੋਇਆ। ਲੋਕਾਂ ਨੇ ਸ਼ਰਧਾ ਨਾਲ ਭੇਟਾਵਾਂ ਵੀ ਹਾਜ਼ਰ ਕੀਤੀਆਂ ਜੋ ਭਾਈ ਮਰਦਾਨੇ ਨੇ ਗੱਠੜੀ ਬੰਨ੍ਹ ਕੇ ਰੱਖ ਲਈਆਂ। ਗੁਰੂ ਜੀ ਨੇ ਦੇਖ ਕੇ ਕਿਹਾ ਮਰਦਾਨਿਆ ਇਹ ਕੀ ਕੀਤਾ ਤਾਂ ਮਰਦਾਨੇ ਕਿਹਾ ਬਾਬਾ ਜੀ ਤੇਰੇ ਆਦਰ ਹਿੱਤ ਲੋਕਾਂ ਨੇ ਇਹ ਧਨ ਪਦਾਰਥ ਭੇਟ ਕੀਤੇ ਜੋ ਮੈਂ ਇਕੱਠੇ ਕਰਕੇ ਬੰਨ੍ਹ ਲਏ ਹਨ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਮਰਦਾਨਿਆ ਸੁੱਟ ਦੇ, ਇਹ ਸਾਡੇ ਕੰਮ ਨਹੀਂ। ਇੱਕ ਚੀਜ਼ ਹੀ ਪੱਲੇ ਬੱਝਣੀ ਹੈ, ਪਰਮੇਸ਼ਰ ਦਾ ਨਾਮ ਜਾਂ ਮਾਇਆ।

ਪਰ ਅੱਜ ਕੱਲ ਜਿੱਥੇ ਦੇਖੋ ਮਾਇਆ ਦਾ ਹੀ ਬੋਲ ਬਾਲਾ ਹੈ। ਇੱਥੋਂ ਤੱਕ ਕਿ ਕੁਝ ਵਿਰਲਿਆਂ ਨੂੰ ਛੱਡ ਕੇ ਜਿਹੜੇ ਲੋਕ ਕਥਾ ਕੀਰਤਨ ਰਾਹੀਂ ਲੋਕਾਂ ਨੂੰ ਮਾਇਆ ਦਾ ਤਿਆਗ ਕਰਕੇ ਨਾਮ ਜਪਣ ਦਾ ਉਪਦੇਸ਼ ਕਰਦੇ ਹਨ, ਉਹ ਵੀ ਮਾਇਆ ਦੇ ਗੁਲਾਮ ਹੀ ਹਨ। ਦਿਖਾਵਾ ਧਰਮੀ ਹੋਣ ਦਾ ਕਰਦੇ ਹਨ ਪਰ ਅੰਦਰੋਂ ਧਿਆਨ ਮਾਇਆ ਵਿੱਚ ਹੀ ਰਹਿੰਦਾ ਹੈ। ਦੇਖਿਆ ਜਾਵੇ ਤਾਂ ਧਰਮ ਸਥਾਨਾਂ ਦੇ ਜ਼ਿਆਦਾਤਰ ਪ੍ਰਬੰਧਕ ਵੀ ਦਿਖਾਵਾ ਧਰਮ ਦਾ ਤੇ ਗੱਲਾਂ ਮਾਇਆ ਦੀਆਂ ਹੀ ਕਰਦੇ ਹਨ। ਕਈ ਧਰਮ ਦੇ ਨਾਮ ਤੇ ਚੱਲਣ ਵਾਲੇ ਅਦਾਰੇ ਅਤੇ ਸੰਸਥਾਵਾਂ ਵਿੱਚ ਵੀ ਦਾਅਵੇ ਧਰਮ ਅਤੇ ਸੇਵਾ ਦੇ ਕੀਤੇ ਜਾਂਦੇ ਹਨ ਪਰ ਅੰਦਰ ਚੌਧਰ ਤੇ ਮਾਇਆ ਦਾ ਧੰਦਾ ਚੱਲਦਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ:

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ ਰਹਾਉ॥ (ਅੰਗ 487)**

ਭਾਵ ਕਿ ਵੇਖੋ ਇਹ ਮਿੱਟੀ ਦਾ ਪੁਤਲਾ ਮਨੁੱਖ ਕਿਵੇਂ ਮਾਇਆ ਦੇ ਮੋਹ ਵਿੱਚ ਫਸ ਕੇ ਨੱਚਦਾ ਫਿਰਦਾ ਤੇ ਭਟਕਦਾ ਹੈ। ਚਾਰ ਚੁਫੇਰੇ ਮਾਇਆ ਵੱਲ ਹੀ ਦੇਖਦਾ ਰਹਿੰਦਾ ਹੈ, ਮਾਇਆ ਦੀਆਂ ਹੀ ਗੱਲਾਂ ਕਰਦਾ ਤੇ ਸੁਣਦਾ ਰਹਿੰਦਾ ਹੈ। ਮਾਇਆ ਮਗਰ ਹੀ ਦੌੜਦਾ ਫਿਰਦਾ ਹੈ।

ਬੜੀ ਦੇਰ ਪਹਿਲਾਂ ਅਖ਼ਬਾਰ ਵਿੱਚ ਇੱਕ ਕਹਾਣੀ ਪੜ੍ਹੀ ਕਿ ਇੱਕ ਸ਼ਾਹੂਕਾਰ ਇੱਕ ਜੋਤਸ਼ੀ ਕੋਲ ਗਿਆ ਤੇ ਕਹਿਣ ਲੱਗਾ ਕਿ ਮੇਰਾ ਹੱਥ ਵੇਖ ਕੇ ਦੱਸੋ ਕਿ ਮੇਰੀ ਕਿਸਮਤ ਵਿੱਚ ਧਨ ਦੌਲਤ ਕਿੰਨੀ ਕੁ ਹੈ। ਉਸ ਜੋਤਸ਼ੀ ਨੇ ਹੱਥ ਵੇਖ ਕੇ ਕਿਹਾ ਕਿ ਤੇਰੀ ਕਿਸਮਤ ਵਿੱਚ ਧਨ ਦੌਲਤ ਬਹੁਤ ਹੈ। ਇੰਨਾ ਧਨ ਹੈ ਕਿ ਤੇਰੀਆਂ ਸੱਤ ਪੀੜ੍ਹੀਆਂ ਤੱਕ ਖਤਮ ਨਹੀਂ ਹੋਵੇਗਾ। ਇਹ ਸੁਣ ਕੇ ਸ਼ਾਹੂਕਾਰ ਰੋਣ ਲੱਗ ਪਿਆ। ਜੋਤਸ਼ੀ ਕਹਿਣ ਲੱਗਾ ਕਿ ਇੰਨਾ ਧਨ ਤੇਰੀ ਕਿਸਮਤ ਵਿੱਚ ਹੈ, ਫਿਰ ਵੀ ਕਿਉਂ ਰੋਣ ਲੱਗ ਪਿਆ ਹੈ। ਤਾਂ ਸ਼ਾਹੂਕਾਰ ਕਹਿਣ ਲੱਗਾ ਕਿ ਇਹ ਤਾਂ ਕੇਵਲ ਸੱਤ ਪੀੜ੍ਹੀਆਂ ਜੋਗਾ ਹੈ, ਇਸ ਤੋਂ ਅਗਲੀਆਂ ਪੀੜ੍ਹੀਆਂ ਕੀ ਕਰਨਗੀਆਂ। ਆਮ ਲੋਕਾਂ ਦੀ ਹਾਲਤ ਵੀ ਇਹੀ ਹੈ ਅਤੇ ਇਸੇ ਸੋਚ ਵਿੱਚ ਸਾਰਾ ਜੀਵਨ ਵਿੰਗੇ ਟੇਢੇ ਢੰਗਾਂ ਨਾਲ ਮਾਇਆ ਇੱਕਠੀ ਕਰਨ 'ਤੇ ਲਗਾ ਦਿੰਦੇ ਹਨ। ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ ਚਿੰਤਾ ਨਾ ਕਰੋ, ਜਿਸ ਪਰਮਾਤਮਾ ਨੇ ਜੀਵ ਪੈਦਾ ਕੀਤੇ ਹਨ, ਉਹ ਖਾਣ ਪੀਣ ਦਾ ਪ੍ਰਬੰਧ ਵੀ ਕਰੇਗਾ ਪਰ ਸਾਨੂੰ ਵਿਸ਼ਵਾਸ ਕਰਨਾ ਔਖਾ ਲੱਗਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

**ਸਰੰਜਾਮਿ ਲਾਗੁ ਭਵਜਲ ਤਰਨ ਕੈ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ਰਹਾਉ॥ (ਅੰਗ 378)**

ਹੇ ਜੀਵ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦਾ ਪ੍ਰਬੰਧ ਕਰ ਨਹੀਂ ਤਾਂ ਮਾਇਆ ਦੇ ਮੋਹ ਵਿੱਚ ਜਨਮ ਵਿਅਰਥ ਚਲਾ ਜਾਵੇਗਾ। ◆

ਬੰਦੇ ਖੋਜੁ ਦਿਲ ਹਰ ਰੋਜ

# ਸਹਿਜ ਅਵੱਸਥਾ

ਜਸਵੰਤ ਸਿੰਘ 'ਅਮਨ'
ਲੁਧਿਆਣਾ
ਮੋ. 98885-14670

ਸਹਿਜ ਦਾ ਸਿੱਖ ਧਰਮ ਸ਼ਾਸਤਰ ਵਿਚ ਬਹੁਤ ਮਹੱਤਵ ਹੈ। ਅਸਲ ਵਿਚ ਗੁਰਬਾਣੀ ਜਾਂ ਗੁਰਮਤਿ ਇਸ ਪੱਖੋਂ ਬਾਕੀ ਧਰਮਾਂ ਨਾਲੋਂ ਬਹੁਤ ਵੱਖਰੀ ਧਾਰਨਾ ਰੱਖਦੀ ਹੈ। ਬਾਕੀ ਧਰਮਾਂ ਵਿਚ ਭਗਤੀ ਵਿਚ ਵੀ ਹੱਠ ਦਾ ਸਹਾਰਾ ਲਿਆ ਜਾਂਦਾ ਹੈ ਜਿਵੇਂ ਜੰਗਲਾਂ ਵਿਚ ਜਾਣਾ, ਭੁੱਖੇ ਰਹਿਣਾ, ਦਰੱਖਤਾਂ ਨਾਲ ਲਟਕ ਕੇ ਤਪੱਸਿਆ ਕਰਨੀ। ਪਰ ਸਿੱਖੀ ਵਿਚ ਹੱਠ ਪ੍ਰਵਾਨ ਨਹੀਂ ਹੈ। ਇਥੇ ਤਾਂ ਸਾਰਾ ਕੁਝ, ਇਥੋਂ ਤੱਕ ਪਰਮਾਤਮਾ ਦਾ ਸਿਮਰਨ ਅਤੇ ਪਰਮਾਤਮਾ ਨਾਲ ਮਿਲਾਪ ਵੀ ਸਹਿਜ ਅਵੱਸਥਾ ਵਿਚ ਕਰਨਾ ਹੈ। ਗੁਰੂ ਅਮਰਦਾਸ ਜੀ ਅਨੰਦੁ ਬਾਣੀ ਵਿਚ ਉਪਦੇਸ਼ ਕਰਦੇ ਹਨ :

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**
**(ਅੰਗ ੯੧੭)**

ਉਪਰੋਕਤ ਸਿਰਲੇਖ ਦਾ ਫੁਰਮਾਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ ਜੋ ਕਿ ਗਉੜੀ ਰਾਗ ਵਿਚ ਅੰਗ 236 ਉੱਤੇ ਅੰਕਿਤ ਹੈ :

**ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ (ਅੰਗ ੨੩੬)**

ਭਾਵ ਉਹ (ਮਨੁੱਖ) ਜਾਗਦਾ ਵੀ ਸਹਿਜ ਵਿਚ ਹੈ ਅਤੇ ਸੌਂਦਾ ਵੀ ਸਹਿਜ ਵਿਚ ਹੈ। ਭਾਈ ਸਾਹਿਬ ਸਿੰਘ ਸਹਿਜ ਨੂੰ ਆਤਮਕ ਅਡੋਲਤਾ ਮੰਨਦੇ ਹਨ।

ਪਰਮਾਤਮਾ ਦੀ ਰਜ਼ਾ ਵਿਚ ਜੋ ਕੁਝ ਹੁੰਦਾ ਹੈ 'ਉਹ' ਉਸੇ ਨੂੰ ਠੀਕ ਮੰਨਦਾ ਹੈ ਤੇ ਆਤਮਕ ਅਡੋਲਤਾ (ਭਾਵ ਸਹਿਜ) ਵਿਚ ਹੀ ਲੀਨ ਰਹਿੰਦਾ ਹੈ। ਕੋਈ ਗਮੀ ਦੀ ਘਟਨਾ ਹੋ ਜਾਏ, ਚਾਹੇ ਖੁਸ਼ੀ ਦਾ ਕਾਰਨ ਬਣੇ, ਉਹ ਆਤਮਕ ਅਡੋਲਤਾ ਵਿਚ ਹੀ ਰਹਿੰਦਾ ਹੈ। ਪਰ ਇਹ 'ਉਹ' ਹੈ ਕੌਣ? ਕੌਣ ਹੈ ਜੋ ਸਹਿਜ ਵਿਚ ਸੌਂਦਾ ਜਾਗਦਾ, ਖਾਂਦਾ ਪੀਂਦਾ, ਕੰਮਕਾਰ ਕਰਦਾ ਹੈ? ਇਹ ਉਹ ਸੰਤ ਹੈ, ਉਹ ਭਗਤ ਹੈ ਜਿਸ ਉੱਤੇ ਪਰਮਾਤਮਾ ਦੀ ਕ੍ਰਿਪਾ ਹੁੰਦੀ ਹੈ :

**ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥**
**(ਅੰਗ ੨੩੬)**

ਆਤਮਕ ਅਡੋਲਤਾ ਸਾਰਿਆਂ ਦੇ ਹਿੱਸੇ ਨਹੀਂ ਆ ਸਕਦੀ। ਇਸ ਲਈ ਬੜੀ ਘਾਲਣਾ ਦੀ ਲੋੜ ਹੈ। ਸਾਡੀ ਜਾਚੇ 'ਸਹਿਜ' ਅਵੱਸਥਾ ਦੇ ਵੀ ਕਈ ਪੜਾਅ ਹੋ ਸਕਦੇ ਹਨ। ਆਮ ਸ਼ਰਧਾਲੂ ਜਾਂ ਆਮ ਸਿੱਖ ਇਕ ਦਮ ਆਤਮਕ ਪੱਧਰ 'ਤੇ ਅਡੋਲਤਾ ਨਹੀਂ ਪ੍ਰਾਪਤ ਕਰ ਸਕਦਾ। ਉਸ ਦਾ ਸਫ਼ਰ ਹੇਠਲੀ ਪਉੜੀ ਤੋਂ ਆਰੰਭ ਹੋ ਕੇ ਉਪਰ ਤੱਕ ਜਾਂਦਾ ਹੈ।

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ (ਅੰਗ ੨੧੯)**

ਸਹਿਜ ਅਵੱਸਥਾ ਵਿਚ ਮਨੁੱਖ ਟਿਕਾਅ ਦੀ ਹਾਲਤ ਵਿਚ ਰਹਿੰਦਾ ਹੈ। ਨਾ ਤਾਂ ਉਹ ਦੁੱਖ ਵਾਪਰਨ 'ਤੇ ਢੇਰੀ ਢਾਹ ਕੇ ਬਹਿ ਜਾਂਦਾ ਹੈ ਅਤੇ ਨਾ ਹੀ ਉਹ ਖੁਸ਼ੀ/ਪ੍ਰਸੰਨਤਾ ਮਿਲਣ 'ਤੇ ਆਪੇ ਤੋਂ ਬਾਹਰ ਹੁੰਦਾ ਹੈ। ਦੋਹਾਂ ਹਾਲਤਾਂ ਵਿਚ ਉਹ ਇਕੋ ਜਿਹੀ ਮਾਨਸਿਕ ਅਵੱਸਥਾ ਵਿਚ ਵਿਚਰਦਾ ਹੈ। ਸਹਿਜ ਵਿਚ ਰਹਿਣ ਵਾਲਾ ਵਿਅਕਤੀ ਆਪ ਦੁੱਖ ਸਹਿੰਦਾ ਹੋਇਆ ਵੀ ਦੂਜੇ ਲੋੜਵੰਦਾਂ ਦੀ ਮਦਦ ਕਰਦਾ ਹੈ। ਅਜਿਹਾ ਮਾਨਸਿਕ ਟਿਕਾਅ ਕਿਸ ਨੂੰ ਪ੍ਰਾਪਤ ਹੋ ਸਕਦਾ ਹੈ? ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕੀ ਅਸੀਂ ਸਹਿਜ ਵਿਚ ਹਾਂ? ਕੋਈ ਭਾਗਾਂ ਵਾਲਾ ਵਿਅਕਤੀ ਹੀ ਇਸ ਦਾ ਉੱਤਰ ਹਾਂ ਵਿਚ ਦੇ ਸਕਦਾ ਹੈ। ਅਜਿਹਾ ਭਾਗਾਂ ਵਾਲਾ ਵਿਅਕਤੀ ਉਹ ਹੋਵੇਗਾ ਜੋ ਉਸ ਅਕਾਲ ਪੁਰਖ ਦੀ '**ਸਭਨਾ ਗਲਾ**' ਸਮਰੱਥਾ ਦਾ ਕਾਇਲ ਹੋਵੇਗਾ। ਜਿਸ ਨੂੰ ਇਹ ਵਿਸ਼ਵਾਸ ਹੋਵੇਗਾ ਕਿ "**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ**"। ਇਹ ਉਹ ਵਿਅਕਤੀ ਹੋਵੇਗਾ ਜੋ "**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗ ਕੀਤੋਈ**" ਉੱਤੇ ਚੱਲਣ ਵਾਲਾ ਹੋਵੇਗਾ। ਜਿਸ ਦੇ ਅੰਦਰਲੀ ਨਿਮਰਤਾ ਉਸ ਦੇ ਵਿਹਾਰ ਵਿਚੋਂ ਵੀ ਟਪਕ ਰਹੀ ਹੋਵੇਗੀ। ਪਰ ਉਹ ਇਸ ਅਵਸਥਾ ਦਾ ਮਾਣ ਨਹੀਂ ਕਰਦਾ ਕਿਉਂਕਿ ਉਹ ਸਮਝਦਾ ਹੈ :

**ਊਤਮ ਸੰਗਤਿ ਊਤਮੁ ਹੋਵੈ ॥**
**ਗੁਣ ਕਉ ਧਾਵੈ ਅਵਗਣ ਧੋਵੈ ॥**
**ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥ (ਅੰਗ ੪੧੪)**

ਸਹਿਜ ਅਵੱਸਥਾ ਵਿਚ ਰਹਿਣਾ ਗੁਰਸਿੱਖ ਦੀ, ਗੁਰਮੁਖ ਦੀ, ਭਗਤ ਦੀ ਨਿਸ਼ਾਨੀ ਹੈ। ਕੋਈ ਵਿਰਲਾ ਹੀ ਇਸ ਅਵੱਸਥਾ ਨੂੰ ਪਹੁੰਚਦਾ ਹੈ। ਅਸੀਂ ਤਾਂ ਅਰਦਾਸ ਹੀ ਕਰ ਸਕਦੇ ਹਾਂ ਕਿ ਪਰਮਾਤਮਾ ਮਿਹਰ ਕਰਕੇ ਸਾਨੂੰ ਵੀ "**ਸਹਜੇ ਜਾਗਣੁ ਸਹਜੇ ਸੋਇ**" ਦੀ ਅਵੱਸਥਾ ਪ੍ਰਦਾਨ ਕਰੇ। ◆

**ਸਾਡਾ ਵਿਰਸਾ ਸਾਡਾ ਗੌਰਵ**

**ਈ-ਕਾਪੀ ਮੰਗਵਾਉ**

ਈ-ਕਾਪੀ ਮੰਗਵਾਉਣ ਲਈ ਆਪਣਾ ਨਾਮ ਪਤਾ ਤੇ ਈ-ਮੇਲ ਪਤਾ ਮੋਬਾਈਲ ਨੰਬਰ : 98882-66676 'ਤੇ ਵਟਸਐਪ ਕਰੋ ਜੀ।

# ਪਰਥਾਇ ਸਾਖੀ ਮਹਾ ਪੁਰਖ ਬੋਲਦੇ

ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ
ਯੂ.ਕੇ.
ਮੋ. 079563-02743

ਸ਼ਬਦ ਸੁਣਦਿਆਂ ਇਨ੍ਹਾਂ ਵਿਚੋਂ ਬਹੁਤ ਸਾਰੇ ਕੋਲ ਆ ਬੈਠੇ ਅਰ ਪ੍ਰਸ਼ਨ ਕੀਤਾ, ਬਾਬਾ ਜੀ! ਕੀਹ ਕੀਤਾ ਜਾਏ ਕਿ ਹਿਰਦਾ ਨਿਰਮਲ ਹੋ ਜਾਵੇ ਅਤੇ ਪਰਮਾਤਮਾ ਨਾਲ ਅਭੇਦ ਹੋ ਜਾਈਏ। ਗੁਰਦੇਵ ਕਹਿਣ ਲੱਗੇ, 'ਆਸ ਅੰਦੇਸਾ ਛੱਡ ਕੇ ਜਦੋਂ ਹਰਿ ਦੇ ਪਿਆਰ-ਯਾਦ ਵਿਚ ਰਿਹਾ ਜਾਂਦਾ ਹੈ ਤਾਂ ਉਹ ਕਿਰਪਾ ਕਰਦਾ ਹੈ ਤਾਂ ਹਿਰਦਾ ਹਉਮੈ ਤੋਂ ਨਿਰਮਲ ਹੋ ਜਾਂਦਾ ਹੈ:

**ਸਤਿਗੁਰੁ ਭੇਟੇ ਸੋ ਸੁਖੁ ਪਾਏ ॥**
**ਹਰਿ ਕਾ ਨਾਮੁ ਮੰਨਿ ਵਸਾਏ ॥**
**ਨਾਨਕ ਨਦਰਿ ਕਰੇ ਸੋ ਪਾਏ ॥**
**ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥** (ਅੰਗ ੪੬੭)

ਸ਼ਬਦ ਸੁਣ ਕੇ ਸਭਨਾਂ ਨਮਸਕਾਰ ਕੀਤੀ।

ਜਦੋਂ ਪਾਤਸ਼ਾਹ ਜੀ ਇਥੇ ਬੈਠੇ ਸਨ ਤਾਂ ਭੁਆਨ ਨਾਮੀ ਇਕ ਰਾਜਾ ਥੱਕਿਆ ਤੇ ਭਟਕਦਾ ਹੋਇਆ ਪਹੁੰਚਿਆ ਜਿਸ ਨੇ ਹਜ਼ੂਰ ਪਾਸੋਂ ਪੀਣ ਲਈ ਪਾਣੀ ਮੰਗਿਆ। ਪਾਤਸ਼ਾਹ ਜੀ ਨੇ ਉਸ ਨੂੰ ਥੋੜ੍ਹੀ ਦੂਰੀ 'ਤੇ ਵਹਿ ਰਹੇ ਚਸ਼ਮੇ 'ਚੋਂ ਜਾ ਕੇ ਪੀਣ ਲਈ ਕਿਹਾ ਅਰ ਆਪਣਾ ਕਰਮੰਡਲ ਦੇਂਦਿਆਂ ਹੋਇਆਂ ਹੁਕਮ ਕੀਤਾ ਕਿ ਵਾਪਸੀ 'ਤੇ ਸਾਡੇ ਲਈ ਇਸ ਨੂੰ ਵੀ ਭਰੀ ਲਿਆਉਣਾ। ਰਾਜਾ, ਜਿਸ ਦਾ ਇਕ ਹੱਥ ਨਕਾਰਾ ਸੀ, ਪਾਣੀ ਪੀ ਕੇ ਕਰਮੰਡਲ ਭਰਨ ਲੱਗਾ ਤਾਂ ਉਸ ਦਾ ਨਕਾਰਾ ਹੱਥ ਵੀ ਠੀਕ ਹੋ ਗਿਆ। ਖ਼ੁਸ਼ੀ ਨਾਲ ਦੌੜਦਾ ਹੋਇਆ ਜਦੋਂ ਵਾਪਸ ਪਰਤ ਕੇ ਆਇਆ ਤਾਂ ਹਜ਼ੂਰ ਉਥੋਂ ਜਾ ਚੁੱਕੇ ਸਨ। ਜੋਗੀਆਂ ਦੀ ਮੰਡਲੀ ਤੋਂ ਪਤਾ ਲੱਗਾ ਕਿ ਉਹ ਗੁਰੂ ਨਾਨਕ ਸਾਹਿਬ ਸਨ ਜੋ ਇਹ ਕਲਾ ਵਰਤਾ ਗਏ ਹਨ। ਲੱਭਦਾ ਹੋਇਆ ਰਾਜਾ 20 ਮੀਲ ਦੀ ਦੂਰੀ 'ਤੇ ਗੁਰੂ ਸਾਹਿਬ ਦੇ ਅਗਲੇ ਮੁਕਾਮ 'ਜੋਹੜ ਜੀ/ਜੋਹੜਸਰ' 'ਤੇ ਆ ਮਿਲਿਆ ਅਰ ਬੇਨਤੀ ਕਰਨ ਲੱਗਾ ਕਿ ਉਹ ਮੇਰਾ ਇਲਾਕਾ ਸੀ, ਮੈਂ ਸ਼ਿਕਾਰ ਦੇ ਪਿਛੇ ਸਾਥੀਆਂ ਨਾਲੋਂ ਦੂਰ ਭਟਕ ਗਿਆ ਸਾਂ, ਹੁਣ ਤੁਸੀਂ ਮੇਰੇ ਰਾਜ ਵਿਚ ਆ ਕੇ ਰਹੋ ਅਰ ਮੈਨੂੰ ਸੇਵਾ ਦਾ ਮੌਕਾ ਬਖ਼ਸ਼ੋ। ਰਾਜੇ ਨੇ ਬਹੁਤ ਕਿਹਾ ਪਰ ਗੁਰੂ ਸਾਹਿਬ ਉਸ ਨੂੰ ਖ਼ੁਸ਼ੀਆਂ ਬਖ਼ਸ਼ਦੇ ਹੋਏ ਅੱਗੇ ਨੂੰ ਚਲੇ ਗਏ।

ਵਿਦਵਾਨਾਂ ਅਨੁਸਾਰ ਜਿਸ ਸਥਾਨ 'ਤੇ ਗੁਰਦੇਵ ਜੀ ਬਿਰਾਜੇ ਸਨ, ਰਾਜੇ ਨੇ ਉਥੇ ਸਤਿਕਾਰ ਵਿਚ ਸੁੰਦਰ ਸਥਾਨ ਬਣਾਇਆ ਜਿਸ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ, ਪਿੰਜੌਰ ਪ੍ਰਸਿੱਧ ਹੋਇਆ ਅਤੇ ਜੋਹੜ ਜੀ ਵਿਚ ਵੀ ਰਾਜੇ ਨੇ ਸੁੰਦਰ ਅਸਥਾਨ ਦੀ ਸੇਵਾ ਕੀਤੀ। ਸ਼੍ਰੋਮਣੀ ਕਮੇਟੀ ਦੀ ਪੁਸਤਕ 'ਗੁਰਦੁਆਰਾ ਕੋਸ਼' ਅਨੁਸਾਰ 'ਇਸ ਸਰੋਵਰ ਦਾ ਨਾਂ ਹੀ 'ਮਾਹੀਆ ਜੋਹੜ' ਭਾਈ ਮਾਹੀਆ ਦੇ ਨਾਂ 'ਤੇ ਪ੍ਰਸਿੱਧ ਹੈ, ਗੁਰਦੁਆਰਾ ਬਣਿਆ ਹੋਇਆ ਹੈ। ਪਹਾੜੀ ਇਲਾਕੇ ਦੀ ਬਹੁਤ ਸਾਰੀ ਜ਼ਮੀਨ ਗੁਰਦੁਆਰੇ ਨਾਲ ਲੱਗੀ ਹੋਈ ਹੈ। ਲੰਗਰ ਦਾ ਪ੍ਰਬੰਧ ਹੈ। ਜੇਠ ਅਤੇ ਕੱਤਕ ਨੂੰ ਭਾਰੀ ਜੋੜ ਮੇਲਾ ਹੁੰਦਾ ਹੈ'।

ਧਿਆਨ ਰਹੇ ਕਿ ਤੀਜੇ ਪਾਤਸ਼ਾਹ ਜੀ ਨੇ ਜਦੋਂ ਬਾਈ ਮੰਜੀਆਂ ਥਾਪੀਆਂ ਤਾਂ ਉਨ੍ਹਾਂ ਵਿਚੋਂ ਇਕ ਮੰਜੀਦਾਰ ਬੱਸੀ ਖੱਤ੍ਰੀ ਪ੍ਰਵਾਰ ਵਿਚੋਂ ਹੋਏ ਸਿੱਖ ਭਾਈ ਗੰਗੂ ਇਥੋਂ ਦੇ ਵਸਨੀਕ ਸਨ ਜੋ ਆਪ ਅਤੇ ਉਨ੍ਹਾਂ ਦਾ ਖ਼ਾਨਦਾਨ ਮਹੰਤ ਮੋਤੀ ਰਾਮ ਅਤੇ ਬਾਬਾ ਜਵਾਹਰ ਸਿੰਘ ਆਦਿ ਇਸ ਇਲਾਕੇ ਵਿਚ ਸਿੱਖੀ ਪ੍ਰਚਾਰ ਦੀ ਭਾਰੀ ਸੇਵਾ ਕਰਦੇ ਰਹੇ।

**ਮਾਹੀਸਰ**

ਜੋਹੜਸਰ ਤੋਂ ਕਰੀਬ 60 ਕਿਲੋਮੀਟਰ ਅਥਵਾ 35 ਮੀਲ ਅੱਗੇ ਪਾਤਸ਼ਾਹ ਜੀ ਇਕ ਇਲਾਕੇ ਵਿਚ ਪਹੁੰਚੇ ਜੋ ਸਮੁੰਦਰੀ ਤਲ ਤੋਂ ਕਰੀਬ 15,000 ਫ਼ੁਟ ਦੀ ਉਚਾਈ 'ਤੇ ਸੀ। ਸੁਭਾਵਕ ਸੀ ਕਿ ਇਤਨੀ ਉਚਾਈ 'ਤੇ ਪੀਣ ਵਾਲੇ ਪਾਣੀ ਦੀ ਭਾਰੀ ਕਮੀ ਸੀ ਖ਼ਾਸ ਤੌਰ 'ਤੇ ਗਊਆਂ ਬੱਕਰੀਆਂ ਅਤੇ ਮਾੜੀ ਮੋਟੀ ਫ਼ਸਲ ਲਈ। ਹਜ਼ੂਰ ਪਹਾੜ ਦੀ ਚੋਟੀ 'ਤੇ ਕੁਝ ਪੱਧਰ ਥਾਂ 'ਤੇ ਸਜ ਬੈਠੇ ਅਤੇ ਮਰਦਾਨੇ ਸਹਿਤ ਕੀਰਤਨ ਕਰਨ ਲੱਗੇ। ਸ਼ਬਦ ਕੀਰਤਨ ਦੀ ਆਵਾਜ਼ ਸੁਣ ਕੇ ਕੁਝ ਲੋਕ ਸ਼ਰਧਾ ਸਹਿਤ ਆਏ ਅਤੇ ਗਾਜਰ, ਮੂਲੀ ਅਤੇ ਕੋਈ ਫ਼ਲ ਜੋ ਮਿਲ ਸਕਿਆ, ਸਤਿਗੁਰਾਂ ਪਾਸ ਰੱਖ ਕੇ ਮੱਥਾ ਟੇਕ ਕੇ ਬੈਠ ਗਏ। ਇਨ੍ਹਾਂ ਦਾ ਸ਼ਰਧਾ ਭਾਵ ਵੇਖ ਕੇ ਪਾਤਸ਼ਾਹ ਖ਼ੁਸ਼ ਹੋਏ ਅਰ ਇਨ੍ਹਾਂ ਦੇ ਮੁਖੀ ਸੱਜਣ 'ਮਾਹੀਏ' ਨੂੰ ਹਜ਼ੂਰ ਨੇ ਸੁਖ ਸਾਂਦ ਪੁੱਛੀ। ਮਾਹੀਏ ਨੇ ਬੇਨਤੀ ਕੀਤੀ, 'ਬਾਬਾ ਜੀ! ਬਾਕੀ ਤਾਂ ਸਭ ਠੀਕ ਹੈ, ਸਾਡੇ ਏਥੇ ਪਾਣੀ ਦੀ ਬੜੀ ਕਿੱਲਤ ਹੈ, ਖ਼ਾਸ ਤੌਰ 'ਤੇ ਜਦੋਂ ਕੁਝ ਸਮਾਂ ਬਰਖਾ ਨਾ ਹੋਵੇ ਤਾਂ ਗਊਆਂ ਪਿਆਸੀਆਂ ਮਰਨ ਲੱਗ ਪੈਂਦੀਆਂ ਹਨ, ਸਾਡੇ 'ਤੇ ਕੁਝ ਕ੍ਰਿਪਾ ਕਰੋ'। ਹਜ਼ੂਰ ਕਹਿਣ ਲਗੇ, 'ਮਾਹੀ! ਪਾਣੀ ਦੀ ਕਿੱਲਤ ਵੀ ਉਹ ਕਰਤਾਰ ਆਪ ਹੀ ਦੂਰ ਕਰਨ ਵਾਲਾ ਜੇ ਅਸੀਂ ਉਸ ਨਾਲ ਜੁੜ ਜਾਈਏ ਤਾਂ'। ਮਾਹੀ ਕਹਿਣ ਲੱਗਾ, 'ਜੀ! ਉਹ ਕਿਵੇਂ'? ਤਾਂ ਪਾਤਸ਼ਾਹ ਜੀ ਨੇ ਸਮਝਾਇਆ, 'ਮਾਹੀ! ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੇਵੀ ਦੇਵਤੇ ਜਿਨ੍ਹਾਂ ਦੀਆਂ ਮੂਰਤੀਆਂ ਬਣਾ ਕੇ ਤੁਸੀਂ ਪੂਜਦੇ ਹੋ, ਕੀਹ ਉਹ ਕਰਤਾਰ ਹਨ ਕਿ ਕਰਤੇ ਦੀ ਕਿਰਤ'? 'ਜੀ! ਕਿਰਤ,' ਮਾਹੀ ਨੇ ਕਿਹਾ। ਪਾਤਸ਼ਾਹ ਜੀ ਫ਼ੁਰਮਾਇਆ, 'ਫਿਰ ਸਾਨੂੰ ਕਿਰਤ ਨੂੰ ਮੰਨਣਾ ਚਾਹੀਦਾ ਹੈ ਕਿ ਕਰਤੇ ਨੂੰ'? ਇਹ ਕਹਿ ਕੇ

ਪਾਤਸ਼ਾਹ ਜੀ ਨੇ ਗਾਇਆ:

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ (ਅੰਗ ੬੩੭)**

ਮਾਹੀ ਕਹਿਣ ਲੱਗਾ, 'ਬਾਬਾ ਜੀ! ਕਦੀ ਵਿਚਾਰਿਆ ਹੀ ਨਹੀਂ ਸੀ, ਇਹ ਸਾਡੀ ਭੁੱਲ ਹੈ ਅੱਗੇ ਤੋਂ ਅਸੀਂ ਮੂਰਤੀਆਂ ਤਾਂ ਨਹੀਂ ਪੂਜਾਂਗੇ ਪਰ, ਕਰਤਾਰ ਨਾਲ ਮਿਲਾਪ ਕਿਵੇਂ ਹੋਵੇ ਅਤੇ ਸਾਡੇ ਅਜਿਹੇ ਭਰਮਾਂ ਦਾ ਨਾਸ ਕਿਵੇਂ ਹੋਵੇ'? ਗੁਰਦੇਵ ਕਹਿਣ ਲੱਗੇ, 'ਕੇਵਲ ਉਸ ਸਰਬ ਸ਼ਕਤੀਮਾਨ ਕਰਤਾਰ ਦੀ ਸ਼ਰਨਿ ਆ ਕੇ ਸਦਾ ਉਸ ਦੀ ਭੈ ਭਾਵਨੀ ਵਿਚ ਰਹਿਣ ਸਦਕਾ ਉਸ ਨਾਲ ਮਿਲਾਪ ਵੀ ਹੋ ਜਾਵੇਗਾ ਅਰ ਭਰਮ ਵੀ ਇਉਂ ਖਤਮ ਹੋ ਜਾਣਗੇ ਜਿਵੇਂ ਥੋੜ੍ਹੀ ਜਿਹੀ ਅਗਨਿ ਵਿਖਾਇਆਂ ਬਾਲਣ ਦਾ ਢੇਰ ਰਾਖ ਹੋ ਜਾਂਦਾ ਹੈ:

**ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ ॥**
**ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ ॥੧੦॥੪॥**
**(ਅੰਗ ੬੩੭)**

'ਵਾਹ! ਵਾਹ'!! ਕਹਿੰਦਿਆਂ ਮਾਹੀ ਨੇ ਨਿਹਾਲ ਹੁੰਦਿਆਂ ਮੱਥਾ ਟੇਕ ਦਿੱਤਾ ਜਿਸ ਦੇ ਪਿਛੇ ਸਾਰੇ ਬੈਠੇ ਸ਼ਰਧਾਲੂਆਂ ਨੇ ਵੀ ਅਰ ਬਚਨ ਕੀਤਾ ਕਿ ਬਾਬਾ ਜੀ! ਜਿਵੇਂ ਆਪ ਜੀ ਨੇ ਫ਼ੁਰਮਾਇਆ ਅਸੀਂ ਉਵੇਂ ਚੱਲਾਂਗੇ। ਗੁਰੂ ਪਾਤਸ਼ਾਹ ਜੀ ਨੇ ਮਾਹੀ ਨੂੰ ਅਸੀਸ ਦੇਂਦਿਆਂ ਆਖਿਆ, 'ਉਠੋ ਅਤੇ ਆਹ ਪੱਥਰ ਉਠਾਉ, ਕਰਤਾਰ ਕ੍ਰਿਪਾ ਕਰੇਗਾ'। ਬਚਨ ਮੰਨਦਿਆਂ ਜਿਉਂ ਹੀ ਮਾਹੀ ਨੇ ਪੱਥਰ ਹਟਾਇਆ, ਜ਼ੋਰ ਨਾਲ ਉਥੋਂ ਪਾਣੀ ਵਹਿਣ ਲੱਗਾ। ਇਹ ਕੌਤਕ ਵੇਖ ਕੇ ਸਾਰੇ ਗੁਰੂ ਬਾਬਾ ਜੀ ਦੀ ਜੈ ਜੈ ਕਾਰ ਕਰਨ ਲੱਗੇ। ਹਜ਼ੂਰ ਨੇ ਇਕ ਦੋ ਦਿਨ ਠਹਿਰ ਕੇ ਅੱਗੇ ਨੂੰ ਕੂਚ ਕੀਤਾ।

ਜਿਸ ਥਾਂ 'ਤੇ ਪਾਤਸ਼ਾਹ ਜੀ ਨੇ ਇਹ ਕੌਤਕ ਕੀਤਾ ਸੀ ਉਥੇ ਅੱਜ ਯਾਦਗਾਰੀ ਸਥਾਨ ਬਣਿਆ ਹੋਇਆ ਹੈ ਜਿਸ ਦੇ ਕੋਲ ਹੀ ਸਰੋਵਰ 'ਮਾਹੀਸਰ' ਬਣਿਆ ਹੋਇਆ ਹੈ ਜਿਸ ਵਿਚ 15,000 ਫ਼ੁਟ ਦੀ ਉਚਾਈ 'ਤੇ ਅਜੇ ਤੱਕ ਇਸ ਚਸ਼ਮੇ ਦਾ ਜਲ ਪੈ ਰਿਹਾ ਹੈ।

**ਬੁੱਢਣ ਸ਼ਾਹ**

ਪਿੰਜੌਰ ਤੋਂ ਚੱਲ ਕੇ ਪਾਤਸ਼ਾਹ ਜੀ ਆਪਣੇ ਇਕ ਪ੍ਰੇਮੀ ਭਾਈ ਪੇਂਜੂ ਰਾਮ ਨੂੰ ਮਿਲਣ ਰੋਪੜ ਦੇ ਲਾਗੇ ਆ ਪਹੁੰਚੇ। ਡੋਘਰ ਪਿੰਡ ਦਾ ਨਿਵਾਸੀ ਅਤੇ ਬ੍ਰਾਹਮਣ ਪ੍ਰਵਾਰ ਦੇ ਪਿਛੋਕੜ ਵਾਲੇ ਇਸ ਵਿਅਕਤੀ ਦਾ ਮਿਲਾਪ ਗੁਰੂ ਸਾਹਿਬ ਨਾਲ ਹਰਿਦੁਆਰ ਹੋਇਆ ਸੀ ਅਰ ਸਿੱਖੀ ਧਾਰਨ ਕਰ ਕੇ ਗੁਰੂ ਅਸੀਸ ਸਦਕਾ ਹੁਣ ਇਸ ਇਲਾਕੇ ਵਿਚ ਸਿੱਖੀ ਪ੍ਰਚਾਰ ਕਰ ਰਿਹਾ ਸੀ। ਗੁਰੂ ਸਾਹਿਬ ਜਦੋਂ ਇਸ ਨੂੰ ਮਿਲੇ ਤਾਂ ਇਹ ਭਾਰੀ ਪ੍ਰਸੰਨ ਹੋਇਆ। ਇਸ ਦੀ ਲੜਕੀ ਵੀ ਜੋ ਨਿਰਮਲ ਜੀਵਨ ਦੀ ਧਾਰਨੀ ਗੁਰਸਿੱਖ ਸੀ ਉਸ ਨੇ ਗੁਰੂ ਸਾਹਿਬ ਜੀ ਪ੍ਰਤੀ ਬੇਨਤੀ ਕੀਤੀ ਕਿ ਨੇੜੇ ਹੀ ਪਹਾੜੀ ਉਤੇ ਇਕ ਸੂਫ਼ੀ ਮਹਾਤਮਾ ਰਹਿੰਦਾ ਹੈ ਜੋ ਆਪ ਜੀ ਦੇ ਦਰਸ਼ਨਾਂ ਦਾ ਤਾਲਿਬ ਹੈ, ਤਾਂ ਪਾਤਸ਼ਾਹ ਜੀ ਉਸ ਨੂੰ ਮਿਲਣ ਵਾਸਤੇ ਮਰਦਾਨਾ ਜੀ ਸਹਿਤ ਪਹਾੜੀ 'ਤੇ ਪਹੁੰਚੇ।

ਬੁੱਢਣ ਸ਼ਾਹ ਨਾਮੀ, ਦੀਰਘ ਆਯੂ ਵਾਲਾ, ਇਹ ਭਲਾ ਸੂਫ਼ੀ ਫ਼ਕੀਰ ਸੀ ਜੋ ਹਜ਼ੂਰ ਦੇ ਦਰਸ਼ਨ ਕਰ ਕੇ ਬਹੁਤ ਪ੍ਰਸੰਨ ਹੋਇਆ। ਕਾਫ਼ੀ ਸਮਾਂ ਆਪਸ ਵਿਚ ਬਚਨ ਬਿਲਾਸ ਹੁੰਦੇ ਰਹੇ। ਇਸ ਫ਼ਕੀਰ ਨੇ ਆਪਣੇ ਪਾਸ ਕੁਝ ਬੱਕਰੀਆਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਦੇ ਦੁੱਧ 'ਤੇ ਹੀ ਅਕਸਰ ਇਹ ਆਪਣਾ ਗੁਜ਼ਾਰਾ ਕਰਦਾ ਸੀ। ਇਹ ਉਠਿਆ ਅਤੇ ਬੱਕਰੀ ਚੋਅ ਕੇ ਹਜ਼ੂਰ ਲਈ ਦੁੱਧ ਦਾ ਕਟੋਰਾ ਭਰ ਕੇ ਲਿਆਇਆ। ਗੁਰੂ ਸਾਹਿਬ ਨੇ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਨੂੰ ਇਸ ਸਮੇਂ ਦੁੱਧ ਦੀ ਜ਼ਰੂਰਤ ਨਹੀਂ। ਜਦੋਂ ਬੁੱਢਣ ਸ਼ਾਹ ਨੇ ਬਹੁਤ ਜ਼ੋਰ ਦਿੱਤਾ ਤਾਂ ਪਾਤਸ਼ਾਹ ਜੀ ਨੇ ਕਿਹਾ, 'ਹੁਣ ਨਹੀਂ, ਅਸੀਂ ਫਿਰ ਆ ਕੇ ਤੁਹਾਡੇ ਪਾਸੋਂ ਦੁੱਧ ਪੀਵਾਂਗੇ'।

ਸਾਂਈ ਬੁੱਢਣ ਸ਼ਾਹ ਨੇ ਸਿਰ ਨਿਵਾ ਕੇ ਦੁੱਧ ਦਾ ਕਟੋਰਾ ਉਵੇਂ ਹੀ ਪਾਸੇ ਰੱਖ ਦਿੱਤਾ ਜੋ ਲਗ ਪਗ 120 ਸਾਲ ਬਾਦ ਕੀਰਤਪੁਰ ਵਸਾਉਣ ਲਗਿਆਂ ਛੇਵੇਂ ਪਾਤਸ਼ਾਹ ਜੀ ਦੀ ਆਗਿਆ ਅਨੁਸਾਰ ਬਾਬਾ ਗੁਰਦਿੱਤਾ ਜੀ ਨੇ ਦਰਸ਼ਨ ਦੇ ਕੇ ਦੁੱਧ ਪੀਤਾ ਅਤੇ ਨਿਹਾਲ ਕੀਤਾ। ਦੱਸਿਆ ਜਾਂਦਾ ਹੈ ਕਿ ਸਾਂਈ ਜੀ ਨੇ 200 ਸਾਲ ਦੀ ਉਮਰ ਭੋਗ ਕੇ ਫ਼ਾਨੀ ਸੰਸਾਰ ਤੋਂ ਕੂਚ ਕੀਤਾ। ਜਿਸ ਥਾਂ 'ਤੇ ਪਾਤਸ਼ਾਹ ਜੀ ਬਿਰਾਜੇ ਸਨ ਉਸ ਥਾਂ 'ਤੇ ਹੁਣ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਭਾਇਮਾਨ ਹੈ ਅਰ ਨੇੜੇ ਹੀ ਪੀਰ ਬੁੱਢਣ ਸ਼ਾਹ ਜੀ ਦੀ ਕਬਰ ਹੈ।

**ਬਾਲਕ ਨਾਥ**

ਹਜ਼ੂਰ ਪਾਤਸ਼ਾਹ ਇਥੋਂ ਅੱਗੇ ਸ਼ਾਹ ਤਲਾਈ ਦੇ ਇਲਾਕੇ ਵਿਚ ਬਾਬਾ ਬਾਲਕ ਨਾਥ ਦੇ ਅਸਥਾਨ 'ਤੇ ਪਹੁੰਚੇ। ਗੁਜਰਾਤ ਨਿਵਾਸੀ ਇਹ ਮਹਾਂਪੁਰਸ਼ ਬਚਪਨ ਤੋਂ ਹੀ ਕੇਵਲ ਧਾਰਮਿਕ ਰੁਚੀ ਦੇ ਹੀ ਨਹੀਂ ਸਨ, ਅਜ਼ਮਤੀ ਵੀ ਸਨ। ਆਪ ਜੀ ਸੁਮੇਰ ਪਰਬਤ 'ਤੇ ਸਿੱਧਾਂ ਨਾਥਾਂ ਦੇ ਦਰਸ਼ਨ ਕਰਨ ਆਏ, ਕੁਝ ਸਮਾਂ ਉਨ੍ਹਾਂ ਪਾਸ ਠਹਿਰੇ। ਉਨ੍ਹਾਂ ਨੇ ਇਨ੍ਹਾਂ ਦੀ ਅਵਸਥਾ ਜਾਣਦਿਆਂ ਇਨ੍ਹਾਂ ਨੂੰ 84 ਸਿੱਧਾਂ ਵਿਚ ਸ਼ੁਮਾਰ ਕੀਤਾ। ਵਾਪਸੀ 'ਤੇ ਬਾਲਕ ਨਾਥ ਜੀ ਇਸ ਅਸਥਾਨ 'ਤੇ ਠਹਿਰੇ ਸਨ ਜਿਥੇ ਉਨ੍ਹਾਂ ਦਾ ਚਲਾਣਾ ਹੋ ਗਿਆ। ਉਨ੍ਹਾਂ ਦੇ ਪ੍ਰੇਮੀਆਂ ਨੇ ਬਾਬਾ ਜੀ ਦੀ ਯਾਦ ਵਿਚ ਸਥਾਨ ਬਣਾ ਕੇ ਪੂਜਾ ਸ਼ੁਰੂ ਕਰ ਦਿੱਤੀ। ਸਥਾਨ ਦੀ ਵਿਸ਼ੇਸ਼ਤਾ ਸੀ ਕਿ ਆਏ ਸ਼ਰਧਾਲੂ ਪੁਰਸ਼ ਅਤੇ ਇਸਤ੍ਰੀਆਂ ਮੂਰਤਿ ਦੇ ਸਨਮੁਖ ਨੱਚ ਨੱਚ ਕੇ ਆਪਣੀ ਸ਼ਰਧਾ ਦਾ ਪ੍ਰਗਟਾਅ ਕਰਦੇ ਇਸ ਦੇ ਨਾਲ ਪੁਜਾਰੀਆਂ ਨੇ ਬਾਲਕ ਨਾਥ ਜੀ ਦੀਆਂ ਖੁਸ਼ੀਆਂ ਲੈਣ ਦੇ ਚਾਹਵਾਨਾਂ ਲੋਕਾਂ ਨੂੰ ਏਥੇ ਬੱਕਰੇ ਆਦਿ ਭੇਟ ਕਰਨ ਵਾਲੇ ਪਾਸੇ ਤੋਰ ਦਿੱਤਾ ਜਿਨ੍ਹਾਂ ਦੀ ਬਲੀ ਦਿੱਤੀ ਜਾਂਦੀ ਸੀ। ਜਦੋਂ ਗੁਰੂ ਪਾਤਸ਼ਾਹ ਜੀ ਏਥੇ ਆਏ ਤਾਂ ਲੋਕ ਕਾਫ਼ੀ ਜੁੜੇ ਹੋਏ ਮੂਰਤਿ ਸਨਮੁਖ ਨੱਚ ਟੱਪ ਰਹੇ ਸਨ ਅਤੇ ਜਾਨਵਰਾਂ ਦੀਆਂ ਬਲੀ ਦੇ ਰਹੇ ਸਨ। ਇਹ ਸਾਰਾ ਕੁਝ ਵੇਖ ਕੇ ਪਾਤਸ਼ਾਹ ਜੀ ਨੇ ਸ਼ਰਧਾਲੂਆਂ ਨੂੰ ਸਮਝਾਉਣ ਵਾਸਤੇ ਸ਼ਬਦ ਕੀਰਤਨ ਆਰੰਭਿਆ:

ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥
ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥
ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥
ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥
ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥
ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥
ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥
ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥
ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬ ॥
(ਅੰਗ ੩੫੦)

ਗੁਰੂ ਪਾਤਸ਼ਾਹ ਜੀ ਨੇ ਜੁੜਿਆਂ ਹੋਇਆਂ ਨੂੰ ਸਮਝਾਇਆ ਕਿ ਨਾਥਾਂ ਸਿਰ ਨਾਥ ਕਰਤਾਰ ਦੀ ਖ਼ੁਸ਼ੀ ਲੈਣ ਵਾਸਤੇ ਭਾਵਨਾ ਸਹਿਤ ਉਸ ਦੀ ਯਾਦ ਵਿਚ ਜੁੜਨਾ ਅਰ ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਨਾ ਹੀ ਉਤਮ ਨਾਚ ਹੈ ਬਾਕੀ ਤਾਂ ਸਭ ਕੁਝ ਮਨ ਪ੍ਰਚਾਵਾ ਹੀ ਹੈ। ਉਸ ਨਾਲ ਪਿਆਰ ਕੀਤਿਆਂ ਹੀ ਸਾਡੇ ਅੰਦਰ ਸਤ ਸੰਤੋਖ ਆਦਿ ਸ਼ੁਭ ਗੁਣ ਪੈਦਾ ਹੁੰਦੇ ਹਨ ਜੋ ਸਾਡੇ ਜੀਵਨ ਨੂੰ ਉੱਚਾ ਚੁੱਕਦੇ ਹਨ। ਇਸ ਦੇ ਨਾਲ ਪਾਤਸ਼ਾਹ ਜੀ ਨੇ ਸਮਝਾਇਆ ਕਿ ਜੀਵਾਂ ਦੀ ਬਲੀ ਦੇਣ ਨਾਲ ਕੋਈ ਸਿਧ-ਨਾਥ ਜਾਂ ਦੇਵੀ ਦੇਵਤਾ ਆਦਿ ਪ੍ਰਸੰਨ ਨਹੀਂ ਹੁੰਦਾ, ਇਹ ਕੇਵਲ ਭਰਮ ਹੈ। ਹਜ਼ੂਰ ਦੇ ਬਚਨਾਂ ਨੂੰ ਸ਼ਰਧਾਲੂਆਂ ਨੇ ਬੜੇ ਪਿਆਰ ਨਾਲ ਸੁਣਿਆ ਅਤੇ ਸੀਸ ਨਿਵਾਇਆ।

ਪਾਤਸ਼ਾਹ ਜੀ ਨੇ ਅੱਗੇ ਚਾਲੇ ਪਾਏ ਅਤੇ ਨੰਗਲ ਦੇ ਕੋਲ ਖਬੇੜੇ ਪਿੰਡ ਆ ਕੇ ਠਹਿਰੇ ਜਿਥੇ ਉਨ੍ਹਾਂ ਦੇ ਪਿਆਰ ਵਿਚ ਪ੍ਰੇਮੀਆਂ ਨੇ ਗੁਰਦੁਆਰਾ ਝੰਡਾ ਸਾਹਿਬ ਕਾਇਮ ਕੀਤਾ। ◆


## ਸਾਡਾ ਵਿਰਸਾ ਸਾਡਾ ਗੌਰਵ

ਲਈ ਆਪਣੇ

**ਦਸਵੰਧ ਅਤੇ ਸਹਿਯੋਗ**

ਦੀ ਰਕਮ ਪੰਜਾਬ ਐਂਡ ਸਿੰਧ ਬੈਂਕ ਦੇ ਖਾਤਾ ਨੰ: 07541000000008 (IFSC Code) PSIB 0000754 ਵਿਚ ਜਮ੍ਹਾਂ ਕਰਵਾ ਕੇ ਇਸ ਮਾਸਿਕ ਪੱਤਰ ਨੂੰ ਆਪਣੇ ਅਤੇ ਆਪਣੇ ਸੱਜਣਾਂ ਮਿੱਤਰਾਂ ਲਈ ਲਗਵਾਓ।

ਸੂਚਿਤ ਕਰਨ ਲਈ WhatsApp ਨੰਬਰ 98882-66676 ਜਾਂ ਈਮੇਲ : info@ggssc.net 'ਤੇ ਸੰਪਰਕ ਕਰੋ ਜੀ।

ਮੈਗਜ਼ੀਨ ਬਾਰੇ ਆਪਣੇ ਪ੍ਰਭਾਵ ਦੱਸੋ : 98880-21699, 98157-58466


ਸ਼ੇਰ ਖਾਂ (ਫਿਰੋਜ਼ਪੁਰ ਜ਼ੋਨ) ਯੂਨਿਟ ਵਿਚ
ਪਿਛਲੇ ਦੋ ਦਹਾਕਿਆਂ ਤੋਂ ਸਰਗਰਮ ਚੜ੍ਹਦੀ ਕਲਾ ਵਾਲੇ ਵੀਰ

## ਗੁਰਦੇਵ ਸਿੰਘ ਜੀ ਦਾ ਦੁਖਦਾਈ ਵਿਛੋੜਾ

ਪਿਛਲੇ ਦਿਨੀਂ ਫਿਰੋਜ਼ਪੁਰ ਜ਼ੋਨ ਤੋਂ ਸ਼ੇਰ ਖਾਂ ਯੂਨਿਟ ਦੇ ਬਹੁਤ ਹੀ ਪੁਰਾਣੇ ਵਰਕਰ ਵੀਰ ਗੁਰਦੇਵ ਸਿੰਘ ਜੀ (ਆੜ੍ਹਤੀਆ ਸਬਜੀ ਮੰਡੀ) ਇਕ ਸੜਕ ਹਾਦਸੇ ਦੌਰਾਨ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਸ ਰੰਗਲੇ ਸੱਜਣ ਦਾ ਬੇਵਕਤ ਵਿਛੋੜਾ ਸਮੂਹ ਵਰਕਰ ਸਾਹਿਬਾਨ ਦੇ ਦਿਲ ਝੰਜੋੜ ਕੇ ਰੱਖ ਗਿਐ। ਆਪ ਜੀ ਇਲਾਕੇ 'ਚ ਸ਼ੁਰੂ ਕੀਤੀ ਸਟੱਡੀ ਸਰਕਲ ਲਹਿਰ ਦੇ ਮੋਢੀਆਂ ਵਿਚੋਂ ਗਿਣੇ ਜਾਂਦੇ ਹਨ। ਉਹਨਾਂ ਨੇ ਹਮੇਸ਼ਾ ਹੀ ਤਨ-ਮਨ ਤੇ ਧਨ ਨਾਲ ਹਰ ਸਮੇਂ ਸਥਾਨਕ ਵੀਰਾਂ ਦਾ ਤਹਿ-ਦਿਲੋਂ ਸਾਥ ਦਿੱਤਾ।

ਆਪ ਸਟੱਡੀ ਸਰਕਲ ਨਾਲ ਜੁੜੇ ਵੀਰ ਗੁਰਮੀਤ ਸਿੰਘ, ਟਹਿਲ ਸਿੰਘ, ਜੁਗਰਾਜ ਸਿੰਘ ਆਦਿਕ ਵੀਰਾਂ ਦੇ ਪਰਿਵਾਰਕ ਥੰਮ੍ਹ ਸਨ। ਆਪ ਨੈਤਿਕ ਸਿੱਖਿਆ ਇਮਤਿਹਾਨਾਂ ਤੋਂ ਇਲਾਵਾ ਵਿਦਿਆਰਥੀ ਸ਼ਖ਼ਸੀਅਤ ਉਸਾਰੀ ਕੈਂਪਾਂ ਵਿਚ ਹਮੇਸ਼ਾ ਮੂਹਰੇ ਰਹਿ ਕੇ ਸੇਵਾਵਾਂ ਨਿਭਾਉਂਦੇ ਰਹੇ।

ਵਾਹਿਗੁਰੂ ਜੀ ਵਿਛੜੀ ਰੂਹ ਨੂੰ ਚਰਨਾਂ 'ਚ ਨਿਵਾਸ ਬਖਸ਼ਣ। ਸਟੱਡੀ ਸਰਕਲ ਦੀ ਸਮੁੱਚੀ ਟੀਮ ਹਮੇਸ਼ਾ ਹੀ ਵੀਰ ਗੁਰਦੇਵ ਸਿੰਘ ਦੇ ਪਰਿਵਾਰ ਦੇ ਹਰ ਦੁੱਖ-ਸੁੱਖ ਵਿਚ ਉਹਨਾਂ ਦਾ ਸਾਥ ਦਿੰਦੀ ਰਹੇਗੀ।

**ਅਮਰੀਕ ਸਿੰਘ ਸ਼ੇਰ ਖਾਂ, ਕਾਰਜਕਾਰੀ ਸੰਪਾਦਕ**

ਪਰਮ ਸੱਚ ਕੇਵਲ ਇਕ ਹੈ ਪਰ ਅਨੁਭਵੀਆਂ ਨੇ ਇਸ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਹੈ। ਰਸਤਾ ਭਾਵੇਂ ਕੋਈ ਹੋਵੇ ਜਿਹੜੇ ਲੋਕ ਪਰਮ-ਸੱਚ ਦੀ ਭਾਲ ਲਈ ਤੁਰੇ ਹਨ ਉਹ ਸਾਡੇ ਹਮ ਸਫ਼ਰ ਹਨ। ਉਨ੍ਹਾਂ ਨਾਲ ਹਰ ਕਿਸਮ ਦਾ ਵਿਚਾਰ ਵਟਾਂਦਰਾ ਕਰਨਾ ਆਪਸੀ ਗਿਆਨ 'ਚ ਵਾਧੇ ਵਾਲੀ ਗੱਲ ਹੋਵੇਗੀ। **- ਵਿਰਸਾ ਬਿਊਰੋ**

# ਜਾਪੁ ਸਾਹਿਬ ਸਿਖਾਉਣਾ - ਇਕ ਪ੍ਰਭਾਵਸ਼ਾਲੀ ਤਰੀਕਾ

**ਸਤਨਾਮ ਕੌਰ, ਮੁੰਬਈ**
ਪੁਸਤਕ 'ਉਮਰ ਛੋਟੀ ਸੂਝ ਵੱਡੀ' 'ਚੋਂ
ਮੋ. 98197-93357

(ਕਦੇ ਕਦੇ ਛੋਟੇ ਬੱਚੇ ਵੀ ਇਹੋ ਜਿਹੇ ਔਖੇ ਕੰਮ ਝੱਟ ਕਰ ਲੈਂਦੇ ਹਨ, ਜਿਹੜੇ ਅਸੀਂ ਵੱਡੇ ਵੀ ਨਹੀਂ ਕਰ ਸਕਦੇ। ਇਸ ਦਾ ਦ੍ਰਿਸ਼ਟਾਂਤ ਅਸੀਂ ਆਪਣੇ ਪਾਠਕਾਂ ਲਈ ਲਿਖ ਰਹੇ ਹਾਂ)।

ਗੁਰਮਤਿ ਕਲਾਸ ਵਿੱਚ ਟੀਚਰ ਨੇ ਪੁੱਛਿਆ :

''ਬੱਚਿਓ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ 'ਤੇ ਤੁਸੀਂ ਸਟੇਜ 'ਤੇ ਕੀ ਪ੍ਰੋਗਰਾਮ ਦੇਣਾ ਹੈ?''

ਇਕ ਬੱਚਾ : ਗੁਰਪੁਰਬਾਂ 'ਤੇ ਹਮੇਸ਼ਾਂ ਕੀਰਤਨ ਹੁੰਦਾ ਹੈ-ਅਸੀਂ ਭੀ ਸ਼ਬਦ ਗਾਵਾਂਗੇ।

ਦੂਸਰਾ ਬੱਚਾ : ਲੈਕਚਰ ਵੀ ਕਰ ਸਕਦੇ ਹਾਂ।

ਤੀਸਰਾ ਬੱਚਾ : ਗੁਰੂ ਗੋਬਿੰਦ ਸਿੰਘ ਜੀ ਦੀ ਕੋਈ ਸਾਖੀ ਸੁਣਾ ਦਿਆਂਗੇ।

ਚੌਥਾ ਬੱਚਾ : ਕਿਉਂ ਨਾ ਅਸੀਂ ਉਹਨਾਂ ਦੀ ਕੋਈ ਬਾਣੀ ਸਿਖ ਲਈਏ ਅਤੇ ਸਟੇਜ 'ਤੇ ਸੁਣਾਈਏ?

ਪਹਿਲਾ ਬੱਚਾ : ਸਾਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ 'ਚੌਪਈ' ਆਉਂਦੀ ਹੈ ਜਿਹੜੀ ਅਸੀਂ ਪਿਛਲੇ ਸਾਲ ਸਟੇਜ 'ਤੇ ਸੁਣਾਈ ਸੀ।

ਦੂਸਰਾ ਬੱਚਾ : ਆਂਟੀ ਜੀ, ਪਲੀਜ਼ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਹੋਰ ਬਾਣੀਆਂ ਦੇ ਨਾਂ ਦੱਸੋ।

ਟੀਚਰ : ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੀਆਂ ਬਾਣੀਆਂ ਰਚੀਆਂ ਹਨ ਜੋ 'ਦਸਮ ਗ੍ਰੰਥ' ਵਿੱਚ ਅੰਕਿਤ ਹਨ।

ਸਾਰੇ ਬੱਚੇ : ਉਹ ਕਿਹੜੀਆਂ ?

ਟੀਚਰ : 1. ਜਾਪੁ 2. ਸਵੈਯੇ 3. ਚੌਪਈ

ਤੀਸਰਾ ਬੱਚਾ : ਜਾਪੁ ਸਾਹਿਬ ਦਾ ਪਾਠ ਅਸੀਂ ਕਦੇ ਨਹੀਂ ਸੁਣਿਆ।

ਚੌਥਾ ਬੱਚਾ : ਅਸੀਂ ਜਾਪੁ ਸਾਹਿਬ ਦਾ ਪਾਠ ਹੀ ਸਿਖਾਂਗੇ ਅਤੇ ਸਟੇਜ 'ਤੇ ਸੁਣਾਵਾਂਗੇ।

ਸਾਰੇ ਬੱਚੇ : ਖ਼ਿਆਲ ਚੰਗਾ ਹੈ।

ਟੀਚਰ : ਜਾਪੁ ਸਾਹਿਬ ਦੀ ਬਾਣੀ ਕਾਫੀ ਮੁਸ਼ਕਿਲ ਹੈ ਕਿਉਂਕਿ ਇਸ ਵਿੱਚ ਸੰਸਕ੍ਰਿਤ ਤੇ ਫ਼ਾਰਸੀ ਦੇ ਸ਼ਬਦ ਹਨ, ਜਿਹਨਾਂ ਦਾ ਉਚਾਰਣ ਬੜੇ ਧਿਆਨ ਨਾਲ ਕਰਨਾ ਪੈਂਦਾ ਹੈ।

ਚੌਥਾ ਬੱਚਾ : ਬਾਣੀ ਮੁਸ਼ਕਿਲ ਹੈ! ਤਾਂ ਕੀ ਹੋਇਆ? ਕੀ ਅਸੀਂ ਹੋਰ ਦੂਸਰੇ ਮੁਸ਼ਕਿਲ ਕੰਮ ਨਹੀਂ ਕਰਦੇ? ਅਸੀਂ ਖੂਬ ਮਿਹਨਤ ਕਰਕੇ ਸਿੱਖਾਂਗੇ।

ਸਾਰੇ ਬੱਚੇ ਜਾਪੁ ਸਾਹਿਬ ਦੀ ਬਾਣੀ ਸਿੱਖਣ ਲਈ ਤਿਆਰ ਹੋ ਗਏ।

ਟੀਚਰ : ਸ਼ਾਬਾਸ਼ ਬੱਚਿਉ, ਤੁਹਾਡੀ ਹਿੰਮਤ ਤੇ ਦਲੇਰੀ ਵੇਖਕੇ ਮੇਰਾ ਉਤਸ਼ਾਹ ਵੀ ਦੂਣਾ ਹੋ ਗਿਆ ਹੈ।

ਪਾਠ ਸ਼ੁਰੂ ਕਰਨ ਤੋਂ ਪਹਿਲਾਂ ਟੀਚਰ ਨੇ ਬੱਚਿਆਂ ਨੂੰ ਹੇਠ ਲਿਖੀ ਜਾਣਕਾਰੀ ਦਿੱਤੀ :

- ਜਾਪੁ ਬਾਣੀ ਕਿਸ ਨੇ ਉਚਾਰੀ?
- ਇਸ ਬਾਣੀ ਵਿੱਚ ਕਿਸ ਭਾਸ਼ਾ ਦੇ ਸ਼ਬਦ ਹਨ?
- ਗੁਰੂ ਜੀ ਨੂੰ ਭਾਸ਼ਾਵਾਂ ਦਾ ਮੇਲ ਕਿਉਂ ਕਰਨਾ ਪਿਆ?
- ਇਹ ਬਾਣੀ ਕਿਸ ਗ੍ਰੰਥ ਵਿੱਚ ਅੰਕਿਤ ਹੈ?
- ਮਨੁੱਖੀ ਦਿਮਾਗ ਉੱਤੇ ਇਸ ਬਾਣੀ ਦਾ ਕੀ ਪ੍ਰਭਾਵ ਪੈਂਦਾ ਹੈ?
- ਲਫ਼ਜ਼ਾਂ ਦਾ ਉਚਾਰਨ ਕਿਸ ਤਰ੍ਹਾਂ ਕਰਨਾ ਹੈ?

ਇੱਕ ਮਹੀਨੇ ਦੀ ਕਠਿਨ ਮਿਹਨਤ ਤੋਂ ਬਾਅਦ ਸਾਰੇ ਬੱਚੇ ਜਾਪੁ ਬਾਣੀ ਦਾ ਪਾਠ ਕਰਨਾ ਸਿਖ ਗਏ। ਗੁਰਪੁਰਬ ਵਾਲੇ ਦਿਨ ਬੱਚਿਆਂ ਨੇ ਸਟੇਜ 'ਤੇ ਬੈਠ ਕੇ ਪਾਠ ਸੁਣਾਇਆ ਅਤੇ ਪਾਠ ਬਾਰੇ ਸੰਗਤਾਂ ਨੂੰ ਪੂਰੀ ਜਾਣਕਾਰੀ ਦਿੱਤੀ।

### ਵਿਸ਼ੇਸ਼ ਪ੍ਰਭਾਵ

ਜਿਸ ਸਮੇਂ ਪਾਠ ਕੀਤਾ ਜਾ ਰਿਹਾ ਸੀ, ਉਸ ਸਮੇਂ ਬੱਚਿਆਂ ਦਾ ਉਤਸ਼ਾਹ ਤੇ ਜੋਸ਼ ਵੇਖਣ ਵਾਲਾ ਸੀ। ਉਹਨਾਂ ਦੇ ਚੇਹਰੇ 'ਤੇ ਖੁਸ਼ੀ ਤੇ ਮਹਿਕ ਦਾ ਪ੍ਰਭਾਵ ਸੀ। ਸੰਸਕ੍ਰਿਤ ਤੇ ਫ਼ਾਰਸੀ ਬੜੇ ਗੌਰ ਨਾਲ ਬੋਲ ਰਹੇ ਸਨ। ਇਸ ਤੋਂ ਵੀ ਵੱਧ ਜੋਸ਼ ਸੰਗਤ ਵਿੱਚ ਸੀ, ਕੀ ਛੋਟਾ ਤੇ ਕੀ ਵੱਡਾ-ਸੰਗਤ ਵਿੱਚ ਬੈਠਾ ਹਰ ਕੋਈ ਸ਼ਾਂਤ ਤੇ ਲਗਨ ਨਾਲ ਪਾਠ ਸੁਣ ਰਿਹਾ ਸੀ। ਗੁਰਦੁਆਰਾ ਹਾਲ ਵਿੱਚ ਸੰਪੂਰਣ ਸ਼ਾਂਤੀ ਸੀ।

ਸਭ ਨੇ ਬੱਚਿਆਂ ਨੂੰ ਸ਼ਾਬਾਸ਼ੀ ਦਿੱਤੀ। ਉਹਨਾਂ ਦੀ ਮਿਹਨਤ ਦੀ ਤਾਰੀਫ਼ ਕੀਤੀ, ਬਾਹਰੋਂ ਆਏ ਜੱਥੇ ਨੇ ਵੀ ਬੱਚਿਆਂ ਦੀ ਇਸ ਘਾਲ ਕਮਾਈ ਦੀ ਸ਼ਲਾਘਾ ਕੀਤੀ।

ਪਾਠ ਸੁਣਨ ਤੋਂ ਬਾਅਦ ਸੰਗਤ ਨੇ ਮਹਿਸੂਸ ਕੀਤਾ ਕਿ ਇਤਨੀ ਸੁੰਦਰ, ਮਨਮੋਹਕ ਅਤੇ ਪਿਆਰ ਭਰੀ ਬਾਣੀ ਤੋਂ ਅਸੀਂ ਹੁਣ ਤੱਕ ਵਾਂਝੇ ਹੀ ਰਹੇ, ਹੈ ਨਾ ਸਾਡੀ ਬਦਕਿਸਮਤੀ।

### ਸਨਿਮਰ ਬੇਨਤੀ

ਸਾਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਅਸੀਂ ਗੁਰੂ ਕਲਗੀਧਰ ਪਾਤਸ਼ਾਹ ਜੀ ਦੀ ਬਾਣੀ ਪੜ੍ਹਣ ਵੱਲ ਖਾਸ ਧਿਆਨ ਦੇਈਏ। ਜੇਕਰ ਛੋਟੇ-ਛੋਟੇ ਬੱਚੇ ਇੱਕ ਮਹੀਨੇ ਵਿੱਚ ਜਾਪੁ ਸਾਹਿਬ ਸਿਖ ਸਕਦੇ ਹਨ ਤਾਂ ਕੀ ਅਸੀਂ ਵੱਡੇ ਇਸ ਵੱਲ ਧਿਆਨ ਦੇ ਕੇ ਸ਼ੁੱਧ ਪਾਠ ਅਤੇ ਜ਼ਬਾਨੀ ਯਾਦ ਨਹੀਂ ਕਰ ਸਕਦੇ?

ਆਉ ਸਾਰੇ ਰਲ ਕੇ ਗਾਈਏ :

**'ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ।। ਸਦਾ ਅੰਗ ਸੰਗੇ ਅਭੰਗੰ ਬਿਭੂਤੇ।।'**

(ਜਾਪੁ ਸਾਹਿਬ)

ਖਲਕ ਸੇਵਾ-ਖਾਲਕ ਸੇਵਾ

# ਵਿਚਿ ਦੁਨੀਆ ਸੇਵ ਕਮਾਈਐ

ਡਾ. ਅਵੀਨਿੰਦਰ ਪਾਲ ਸਿੰਘ
ਡਾਇਰੈਕਟਰ ਜਨਰਲ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਮੋ. 98148-13680

ਬਿਨਾਂ ਕਿਸੇ ਲਾਲਚ ਦੇ ਪਰਉਪਕਾਰ ਦੀ ਭਾਵਨਾ ਨਾਲ ਕੀਤੇ ਕਾਰਜ ਦਾ ਨਾਮ ਸੇਵਾ ਹੈ। ਆਪਣੇ ਲਈ ਤਾਂ ਹਰ ਮਨੁੱਖ ਹੀ ਜਿਉਂਦਾ ਹੈ ਪਰ ਅਸਲ ਜੀਵਨ ਦੂਜਿਆਂ ਲਈ ਜਿਉਣ ਵਿੱਚ ਹੈ। ਬਿਨਾਂ ਕਿਸੇ ਲਾਲਚ ਦੇ ਚਿੱਤ ਲਾ ਕੇ ਕੀਤੀ ਸੇਵਾ ਹੀ ਸਫ਼ਲ ਹੁੰਦੀ ਹੈ। ਇਹ ਮਤਲਬੀ ਜਾਂ ਦਿਖਾਵੇ ਮਾਤਰ ਨਹੀਂ ਹੋਣੀ ਚਾਹੀਦੀ।

✦ ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ।।

(ਅੰਗ 552)

✦ ਸੇਵਾ ਕਰਤ ਹੋਇ ਨਿਹਕਾਮੀ।।

✦ ਤਿਸ ਕਉ ਹੋਤ ਪਰਾਪਤਿ ਸੁਆਮੀ।। (ਅੰਗ 286)

ਅਸੀਂ ਸਵਾਰਥੀ ਨਹੀਂ ਸੇਵਾਰਥੀ ਬਨਣਾ ਹੈ। ਆਪਣੇ ਸਵਾਰਥ ਨੂੰ ਵਿੱਚੋਂ ਕੱਢ ਕੇ

✦ ਦੂਜਿਆਂ ਦੇ ਦੁੱਖ ਦੂਰ ਕਰਨੇ

✦ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ

✦ ਦੂਜਿਆਂ ਦੇ ਜੀਵਨ ਵਿੱਚ ਸੁੱਖ ਅਤੇ ਖੁਸ਼ੀਆਂ ਲੈ ਕੇ ਆਉਣਾ ਉੱਤਮ ਸੇਵਾ ਹੈ।

ਇਹ ਦੁਨੀਆ ਦੁੱਖਾਂ ਅਤੇ ਪੀੜਾਂ ਨਾਲ ਭਰੀ ਪਈ ਹੈ। ਉਨ੍ਹਾਂ ਦੇ ਜੀਵਨ ਵਿੱਚ ਸੁੱਖ ਸ਼ਾਂਤੀ ਲਿਆਉਣ ਲਈ ਯਤਨਸ਼ੀਲ ਹੋਣਾ ਵੀ ਸੇਵਾ ਦਾ ਹੀ ਇੱਕ ਰੂਪ ਹੈ। ਸੇਵਾ ਤਨ ਕਰਕੇ, ਮਨ ਕਰਕੇ ਤੇ ਧਨ ਕਰਕੇ ਵੀ ਕੀਤੀ ਜਾ ਸਕਦੀ ਹੈ।

ਜਿਵੇਂ ਸਕੂਲਾਂ ਦੇ ਬਾਹਰ ਲਿਖਿਆ ਹੁੰਦਾ ਹੈ ਸਿੱਖਣ ਲਈ ਆਉ ਸੇਵਾ ਲਈ ਜਾਉ ਤਿਵੇਂ ਹੀ ਗੁਰੂ ਘਰਾਂ ਵਿੱਚ ਕੀਤੀ ਜਾਣ ਵਾਲੀ ਲੰਗਰ ਦੀ ਸੇਵਾ, ਬਰਤਨ ਸਾਫ਼ ਕਰਨ ਦੀ ਸੇਵਾ, ਜੋੜੇ ਝਾੜਣ ਦੀ ਸੇਵਾ, ਝਾੜੂ ਫ਼ੇਰਨ ਦੀ ਸੇਵਾ ਤਾਂ ਸਾਨੂੰ ਸੇਵਾ ਕਰਨ ਦੀ ਜਾਚ ਸਿਖਾਉਣ ਦੀ ਪਾਠਸ਼ਾਲਾ ਵਾਂਗ ਹੈ। ਅਸਲ ਸੇਵਾ ਤਾਂ ਮਨੁੱਖਤਾ ਦੀ ਸੇਵਾ ਹੈ। ਗੁਰਵਾਕ ਹੈ।

✦ ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।।

(ਅੰਗ 26)

ਚਾਹੇ ਇਹ ਸੇਵਾ .........

✦ ਬੀਮਾਰਾਂ ਦੇ ਇਲਾਜ ਤੇ ਸੰਭਾਲ ਦੀ ਹੋਵੇ

✦ ਗਰੀਬਾਂ ਨੂੰ ਪੜ੍ਹਾਉਣ ਦੀ ਹੋਵੇ।

✦ ਰੁਜ਼ਗਾਰ ਦੇਣ ਦੀ ਹੋਵੇ

✦ ਅਨਾਥ ਅਤੇ ਲੋੜਵੰਦ ਬੱਚੀਆਂ ਦੇ ਵਿਆਹ ਦੀ ਹੋਵੇ

✦ ਵਾਤਾਵਰਣ ਦੀ ਸੰਭਾਲ ਦੀ ਹੋਵੇ

✦ ਸਮਾਜਿਕ ਬੁਰਾਈਆਂ ਖਿਲਾਫ਼ ਅਵਾਜ਼ ਬੁਲੰਦ ਕਰਨ ਦੀ ਹੋਵੇ

✦ ਕਿਸੇ ਕੁਦਰਤੀ ਆਫ਼ਤ ਸਮੇਂ ਮੁਸੀਬਤ ਵਿੱਚ ਫ਼ਸੇ ਲੋਕਾਂ ਦੀ ਮਦਦ ਦੀ ਹੋਵੇ

✦ ਬੇਸਹਾਰਿਆਂ ਦਾ ਸਹਾਰਾ ਬਨਣ ਦੀ ਹੋਵੇ।

✦ ਜ਼ੁਲਮ ਅਤੇ ਅਨਿਆਂ ਦੇ ਖਿਲਾਫ਼ ਅਵਾਜ਼ ਬੁਲੰਦ ਕਰਨ ਦੀ ਹੋਵੇ।

......ਗੁਰਬਾਣੀ ਅਨੁਸਾਰ ਇਹ ਸਭ ਸੇਵਾਵਾਂ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਹੁੰਦੀਆਂ ਹਨ। ਸਾਡੇ ਇਤਿਹਾਸ ਅਤੇ ਵਿਰਸੇ ਵਿੱਚੋਂ ਅਣਗਿਣਤ ਉਦਾਹਰਣਾਂ ਇਸ ਪ੍ਰਥਾਇ ਮਿਲਦੀਆਂ ਹਨ।

1. 1597 ਵਿੱਚ ਲਾਹੌਰ ਵਿੱਚ ਕਾਲ ਪੈ ਗਿਆ। ਸ਼ਹਿਰ ਵਿੱਚ ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਸੀ। ਬਹੁਤ ਵੱਡੀ ਗਿਣਤੀ ਵਿੱਚ ਮੌਤਾਂ ਹੋ ਰਹੀਆਂ ਸਨ। ਮੁਰਦਿਆਂ ਨੂੰ ਦਬਾਉਣ ਅਤੇ ਸਾੜਣ ਲਈ ਵੀ ਜਗ੍ਹਾ ਦਾ ਪ੍ਰਬੰਧ ਨਹੀਂ ਹੋ ਰਿਹਾ ਸੀ। ਉਸ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦਾ ਕਾਰਜ ਚੱਲ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੇ ਉਸਾਰੀ ਦਾ ਕਾਰਜ ਰੁਕਵਾ ਕੇ, ਜਿੰਨੀ ਮਾਇਆ ਇਸ ਕਾਰਜ ਲਈ ਇਕੱਠੀ ਹੋਈ ਸੀ, ਉਹ ਸਾਰੀ ਮਾਇਆ ਅਤੇ ਸਿੱਖਾਂ ਨੂੰ ਲੈ ਕੇ, ਗੁਰੂ ਸਾਹਿਬ ਆਪ, ਦੁਖੀਆਂ ਦੀ ਮਦਦ ਕਰਨ ਲਈ ਲਾਹੌਰ ਪਹੁੰਚ ਗਏ। ਉੱਥੇ ਲੰਗਰ ਲਗਾਏ ਗਏ, ਬੀਮਾਰਾਂ ਦੇ ਇਲਾਜ ਦਾ ਪ੍ਰਬੰਧ ਕਰਵਾਇਆ ਗਿਆ, ਬਉਲੀ ਬਣਵਾਈ, ਚੂਨਾ ਮੰਡੀ ਵਿੱਚ ਨਿਥਾਵਿਆਂ ਨੂੰ ਥਾਂ ਦੇਣ ਲਈ ਇਮਾਰਤ ਦੀ ਉਸਾਰੀ ਕਰਵਾਈ। ਗੁਰੂ ਸਾਹਿਬ ਨੇ ਮੁਰਦਿਆਂ ਨੂੰ ਦੱਬਣ ਅਤੇ ਸਾੜਣ ਦੀ ਸੇਵਾ ਹੱਥੀ ਕੀਤੀ। ਗੁਰੂ ਜੀ 8 ਮਹੀਨੇ ਲਾਹੌਰ ਰਹੇ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਇਮਾਰਤ ਉਸਾਰੀ ਤੋਂ ਵੀ ਜ਼ਿਆਦਾ ਮਹੱਤਤਾ, ਦੁਖੀਆਂ ਦੀ ਸੇਵਾ ਕਰਨ ਨੂੰ ਦਿੱਤੀ।

2. ਤਰਨਤਾਰਨ ਵਿਖੇ ਹੀ ਪਹਿਲਾ ਕੋਹੜੀ ਘਰ ਬਣਾਇਆ। ਉਸ ਸਮੇਂ ਕੋਹੜ ਦਾ ਰੋਗ ਲਾਇਲਾਜ ਸੀ ਤੇ ਲੋਕ ਇਸ ਬੀਮਾਰੀ ਨਾਲ ਪੀੜਤ ਲੋਕਾਂ ਨੂੰ ਰੁਲਣ ਲਈ ਦੂਰ ਛੱਡ ਦਿੰਦੇ ਸਨ, ਕਿਉਂਕਿ ਇਹ ਛੂਤ ਦਾ ਰੋਗ ਸੀ। ਮਰੀਜਾਂ ਦੀ ਹਾਲਤ ਪਸ਼ੂਆਂ ਤੋਂ ਵੀ ਬਦਤਰ ਸੀ। ਗੁਰੂ ਅਰਜਨ

ਸਾਹਿਬ ਨੇ ਉਨ੍ਹਾਂ ਨੂੰ ਤੜਫ਼ ਤੜਫ਼ ਕੇ ਮਰਦਿਆਂ ਦੇਖਿਆ ਤੇ ਇਨ੍ਹਾਂ ਦੀ ਸੰਭਾਲ ਅਤੇ ਇਲਾਜ ਲਈ ਕੋਹੜੀ ਘਰ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਨੇ ਆਪ ਹੱਥੀਂ ਕੋਹੜੀਆਂ ਦੀ ਸੇਵਾ ਕੀਤੀ।

3. ਸਾਰੇ ਗੁਰੂ ਸਾਹਿਬਾਨ ਨੇ ਵਪਾਰ ਨੂੰ ਪ੍ਰਫੁੱਲਤ ਕਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਨਗਰ ਵਸਾਏ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿੱਚ 52 ਕਿੱਤਿਆਂ ਦੇ ਲੋਕਾਂ ਨੂੰ ਪ੍ਰੇਰ ਕੇ ਇੱਥੇ ਵਸਾਇਆ।

4. ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਖੂਹ ਅਤੇ ਬਾਉਲੀਆਂ ਬਣਵਾਈਆਂ ਗਈਆਂ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਬਣਵਾਈ। ਗੁਰੂ ਅਰਜਨ ਦੇਵ ਜੀ ਨੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਮ 'ਤੇ ਛੇਹਰਟਾ ਖੂਹ ਉਸਾਰਿਆ। 1595 ਵਿੱਚ ਹੀ ਪੰਜਾਬ ਵਿੱਚ ਬਹੁਤ ਵੱਡਾ ਕਾਲ ਪਿਆ। ਬਾਰਸ਼ ਨਾ ਹੋਣ ਕਰਕੇ ਖੇਤੀ ਮਾਰੀ ਗਈ। ਲੋਕ ਭੁੱਖੇ ਮਰਨ ਲੱਗੇ। ਗੁਰੂ ਸਾਹਿਬ ਨੇ ਖੂਹ ਪੁਟਵਾਉਣ ਦੀ ਮੁਹਿੰਮ ਆਰੰਭ ਦਿੱਤੀ। ਲੋੜ ਨੂੰ ਮੁੱਖ ਰੱਖਦਿਆਂ ਇੱਕ ਹਰਟੇ ਦੀ ਥਾਂ ਦੋ ਹਰਟੇ, ਚੁ ਹਰਟੇ ਖੂਹ ਲਵਾਏ।

5. ਗੁਰੂ ਅਮਰਦਾਸ ਜੀ ਨੇ ਸਤੀ ਅਤੇ ਪਰਦਾ ਪ੍ਰਥਾ ਵਰਗੀਆਂ ਸਮਾਜਿਕ ਕੁਰੀਤੀਆਂ ਖਿਲਾਫ਼ ਅਵਾਜ਼ ਉਠਾਈ ਅਤੇ ਇਸ ਕੁਰੀਤੀ ਨੂੰ ਬੰਦ ਕਰਕੇ ਇਸਤਰੀ ਜਾਤੀ ਨੂੰ ਅਨਿਆਂ ਅਤੇ ਅੱਤਿਆਚਾਰ ਤੋਂ ਨਿਯਾਤ ਦਿਵਾਈ। ਜਾਤ ਪਾਤ ਦੇ ਖਿਲਾਫ਼ ਸਾਂਝੇ ਲੰਗਰ ਦੇ ਨਾਲ ਨਾਲ ਇਸ਼ਨਾਨ ਵੀ ਸਾਂਝਾ ਕਰ ਦਿੱਤਾ।

6. ਗੁਰੂ ਹਰਿਰਾਇ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਵਿਖੇ ਰੋਗੀਆਂ ਲਈ ਜੜ੍ਹੀ ਬੂਟੀਆਂ ਦਾ ਦਵਾਖਾਨਾ ਬਣਵਾਇਆ ਜਿਸ ਦੀਆਂ ਦਵਾਈਆਂ ਦੂਰ ਦੂਰ ਤੱਕ ਪ੍ਰਸਿੱਧ ਸਨ। ਗੁਰੂ ਸਾਹਿਬ ਜੜ੍ਹੀਆਂ ਬੂਟੀਆਂ ਦੇ ਗਿਆਨ ਦਾ ਭੰਡਾਰ ਸਨ। ਹਜ਼ਾਰਾਂ ਲੋਕ ਆਪਣੀਆਂ ਨਾਮੁਰਾਦ ਬੀਮਾਰੀਆਂ ਦੇ ਇਲਾਜ ਲਈ ਕੀਰਤਪੁਰ ਸਾਹਿਬ ਆਉਣ ਲੱਗੇ ਅਤੇ ਅਰੋਗ ਹੋਣ ਲੱਗੇ। ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਨੂੰ ਅਜੀਰਣ ਨਾਮ ਦਾ ਇੱਕ ਭਿਆਨਕ ਰੋਗ ਲੱਗ ਗਿਆ ਸੀ। ਹੋਰ ਕਿਤੋਂ ਵੀ ਇਲਾਜ ਨਾ ਹੋ ਸਕਿਆ। ਅਖੀਰ ਗੁਰੂ ਸਾਹਿਬ ਦੇ ਦਵਾਖਾਨੇ ਵਿੱਚੋਂ ਇੱਕ ਵਿਸ਼ੇਸ਼ ਕਿਸਮ ਦੀ ਹਰੀੜ ਨਾਲ ਉਸ ਦਾ ਇਲਾਜ ਹੋਇਆ।

7. ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ। ਉੱਥੇ ਚੇਚਕ ਦੀ ਬੀਮਾਰੀ ਫ਼ੈਲੀ ਹੋਈ ਸੀ। ਲੋਕ ਮਰ ਰਹੇ ਸਨ। ਇਹ ਛੂਤ ਦਾ ਰੋਗ ਸੀ। ਗੁਰੂ ਜੀ ਨੇ ਆਪਣੀ ਪਰਵਾਹ ਨਾ ਕਰਦੇ ਹੋਏ ਚੇਚਕ ਦੇ ਰੋਗੀਆਂ ਦੀ ਹੱਥੀਂ ਸੇਵਾ ਕੀਤੀ। ਆਪ ਜੀ ਨੂੰ ਵੀ ਸੇਵਾ ਕਰਦਿਆਂ ਚੇਚਕ ਦੀ ਬੀਮਾਰੀ ਨੇ ਘੇਰ ਲਿਆ।

8. ਜ਼ੁਲਮ ਦੇ ਖਿਲਾਫ਼ ਤੱਤੀ ਤਵੀ 'ਤੇ ਬੈਠਣਾ, ਜੰਗਾਂ ਲੜਣੀਆਂ, ਮਨੁੱਖੀ ਅਧਿਕਾਰਾਂ ਦੀ ਸਲਾਮਤੀ ਲਈ ਚਾਂਦਨੀ ਚੌਂਕ ਵਿੱਚ ਗੁਰੂ ਤੇਗ ਬਹਾਦਰ ਜੀ ਦੁਆਰਾ ਸ਼ਹਾਦਤ ਦੇਣੀ, ਮਨੁੱਖਤਾ ਦੀ ਭਲਾਈ ਲਈ ਸਰਬੰਸ ਕੁਰਬਾਨ ਕਰਨਾ ਆਦਿ ਸੇਵਾ ਦੀਆਂ ਉੱਤਮ ਮਿਸਾਲਾਂ ਹਨ।

9. ਭਗਤ ਪੂਰਨ ਸਿੰਘ ਜੀ ਨੇ ਸਾਰੀ ਉਮਰ ਲੋੜਵੰਦਾਂ, ਬੇਆਸਰਿਆਂ, ਅਪਾਹਜਾਂ, ਯਤੀਮਾਂ, ਮਾਨਸਿਕ ਰੋਗੀਆਂ ਦੀ ਸੇਵਾ ਸੰਭਾਲ ਜਿਸ ਤਰ੍ਹਾਂ ਕੀਤੀ ਉਹ ਅੱਜ ਦੀ ਨੌਜਵਾਨ ਪੀੜ੍ਹੀ ਲਈ ਸੇਵਾ ਦੇ ਖੇਤਰ ਵਿੱਚ ਮਾਰਗ ਦਰਸ਼ਕ ਸਾਬਤ ਹੋ ਰਹੀ ਹੈ। ◆


ਸਾਲਾਨਾ ਚੰਦਾ — ਦੇਸ਼ : 50 ਰੁਪਏ

ਲਾਈਫ਼ ਮੈਂਬਰਸ਼ਿਪ — ਦੇਸ਼ : 500 ਰੁਪਏ

ਚੰਦਾ ਭੇਜਣ ਲਈ ਪਤਾ :

ਬਹੁਮੰਤਵੀ ਖੇਤੀ ਤ੍ਰੈ ਮਾਸਿਕ

ਡਾ. ਇੰਦਰਜੀਤ ਸਿੰਘ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ ਸੈਂਟਰ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ

ਈਮੇਲ : info@ggssc.net ਸੰਪਰਕ : 0161-2450352

ਚੰਦਾ ਪੰਜਾਬ ਐਂਡ ਸਿੰਧ ਬੈਂਕ ਦੇ ਖਾਤਾ ਨੰ: 07541000007106 IFSC Code : PSIB 0000754 ਵਿਚ ਜਮਾਂ ਕਰਵਾ ਕੇ ਐਡਰੈਸ ਈ-ਮੇਲ info@ggssc.net ਰਾਹੀਂ ਭੇਜਿਆ ਜਾ ਸਕਦਾ ਹੈ।


## ਪ੍ਰੀਤ ਪਾਈਏ ਅਤੇ ਪ੍ਰਤੀਤ ਬਣਾਈਏ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 304 'ਤੇ ਗੁਰੂ ਰਾਮਦਾਸ ਜੀ ਨੇ ਫੁਰਮਾਨ ਕੀਤਾ ਹੈ ਕਿ ''ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ।। ਭਾਵ ਸਤਿਗੁਰੂ ਦੀ ਬਾਣੀ ਸੱਚੇ ਪ੍ਰਭੂ ਦਾ ਸਰੂਪ ਹੈ ਅਤੇ ਗੁਰਬਾਣੀ ਨਾਲ ਜੁੜਿਆਂ ਸਤਿ ਸਰੂਪ ਹੀ ਬਣ ਜਾਈਦਾ ਹੈ।

ਗੁਰਬਾਣੀ 'ਤੇ ਅਟੁੱਟ ਭਰੋਸਾ ਅਤੇ ਇਸ ਨੂੰ ਧੁਰੋਂ ਫੁਰਮਾਈ ਸਮਝਣਾ ਤੇ ਮੰਨਣਾ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਹੈ। ਗੁਰਬਾਣੀ ਦਾ ਸਹਿਜ ਪਾਠ ਕਰਨਾ ਹੀ ਗੁਰਬਾਣੀ ਗੁਰੂ ਦੇ ਦਰਸ਼ਨ ਦੀਦਾਰ ਹਨ। ਆਓ! ਗੁਰਬਾਣੀ ਨਾਲ ਪ੍ਰੀਤ ਪਾਈਏ, ਪ੍ਰਤੀਤ ਬਣਾਈਏ ਅਤੇ ਗੁਰਬਾਣੀ ਨੂੰ ਜੀਵੀਏ।

- ਵਿਰਸਾ ਬਿਊਰੋ

400 ਸਾਲਾ ਪ੍ਰਕਾਸ਼ ਪੁਰਬ

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ

# ਬਲ-ਯੁਕਤ ਅਤੇ ਬੰਧਨ-ਮੁਕਤ ਹੋਣ ਦੇ ਸੁਨੇਹੇ

**ਡਾ. ਭੁਪਿੰਦਰ ਕੌਰ 'ਕਵਿਤਾ'**
ਹੁਸ਼ਿਆਰਪੁਰ
ਮੋ. 98880-84503

(ਜੁਗੋ-ਜੁਗ ਅਟੱਲ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1426 ਤੇ 'ਸਲੋਕ ਮਹਲਾ ੯' ਤਹਿਤ ਸਲੋਕਾਂ 'ਚੋਂ ਵਿਸ਼ਾ ਵਸਤੂ ਅਧਿਐਨ ਨਾਲ ਸੰਬੰਧਿਤ ਇਹ ਚੌਥਾ ਲੇਖ ਹੈ। ਸਲੋਕਾਂ ਦੇ ਪਾਠ-ਗਤ ਅਧਿਐਨ ਤੇ ਵਿਚਾਰ ਉਪਰੰਤ 'ਹਰਿਨਾਮ ਦੀ ਪ੍ਰੀਤੀ ਦੇ ਸੁਨੇਹੇ', 'ਬੀਤਦੀ ਅਉਧ ਵਿਚ ਸਦਾ-ਸੁੱਖ ਦੇ ਸੁਨੇਹੇ' ਤੇ 'ਸਹਿਜਤਾ ਤੇ ਸਮਦ੍ਰਿਸ਼ਟਤਾ ਦੇ ਸੁਨੇਹੇ' ਦੇ ਲੇਖ ਪਹਿਲੇ ਅੰਕਾਂ ਵਿਚ ਛਪ ਚੁੱਕੇ ਹਨ।

ਧਨਾਸਰੀ ਰਾਗ ਦੇ ਸ਼ਬਦ ਵਿਚ (ਅੰਗ 981) ਵਿਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਚਾਰੇ ਦਿਸ਼ਾਵਾਂ ਵਿਚ ਪ੍ਰਭੂ ਜੀ ਦਾ ਹੀ ਬਲ ਹੈ, ਉਸ ਦੀ ਅਸੀਸ ਨਾਲ ਇਸ ਬਲ ਦੀ ਬਖ਼ਸ਼ਿਸ਼ ਹੁੰਦੀ ਹੈ। ਕਿਉਂਕਿ ਸਮੁੱਚੇ ਬ੍ਰਹਿਮੰਡੀ ਪਸਾਰੇ ਵਿਚ ਪ੍ਰਭੂ ਜੀ ਦਾ ਬਲ ਹੈ, ਇਸ ਲਈ ਪ੍ਰਭੂ ਪਿਆਰੇ ਜਾਂ ਭਗਤਾਂ ਲਈ ਆਪੇ ਹੀ ਬਲ ਦੀ ਬਖ਼ਸ਼ਿਸ਼ ਹੋ ਜਾਂਦੀ ਹੈ। ਗੁਰਬਾਣੀ ਫੁਰਮਾਨ ਹੈ :

**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥**
**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥ (ਅੰਗ ੯੬੨)**

ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਵਿਚਾਰ ਵਿਚੋਂ ਜਗਿਆਸੂ ਨੂੰ ਬਲ ਧਾਰਨ ਤੇ ਬੰਧਨ-ਮੁਕਤ ਹੋਣ ਦੀ ਵਿਧੀ ਦੇ ਸੁਨੇਹੇ ਮਿਲਦੇ ਹਨ। ਬਲ-ਯੁਕਤ ਹੋਣ ਲਈ ਜ਼ਰੂਰੀ ਹੈ ਕਿ ਬਲਹੀਣ ਹੋਣ ਪ੍ਰਤੀ ਮਨ ਵਿਚ ਸਪੱਸ਼ਟਤਾ ਹੋਵੇ। ਅਸਲ ਵਿਚ ਕਮਜ਼ੋਰ ਮਨ ਹੀ ਬਲਹੀਣ ਤੇ ਦ੍ਰਿੜ੍ਹ ਮਨ ਬਲਵਾਨਤਾ ਦਾ ਆਧਾਰ ਹੈ। ਮਨ ਭਾਰਤੀ ਧਰਮ-ਚਿੰਤਨ ਪ੍ਰਬੰਧ ਦਾ ਪ੍ਰਮੁੱਖ ਚਿਹਨ ਰਿਹਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅੰਤਹਕਰਣ ਦੇ ਚਾਰ ਭੇਦ ਮੰਨਦੇ ਹਨ : (ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 113)

1. ਮਨ, ਜਿਸਕੇ ਸੰਕਲਪ ਵਿਕਲਪ ਫੁਰਦੇ ਹਨ।
2. ਬੁਧਿ, ਜਿਸ ਤੋਂ ਵਿਚਾਰ ਅਤੇ ਨਿਸਚਾ ਹੁੰਦਾ ਹੈ।
3. ਚਿੱਤ, ਜਿਸ ਕਰਕੇ (ਸਮਰਣ) ਚੇਤਾ ਹੁੰਦਾ ਹੈ।
4. ਅਹੰਕਾਰ ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ।

ਵਾਹਿਗੁਰੂ ਨਾਲੋਂ ਟੁੱਟਾ ਮਨ ਬੇਚੈਨ ਭਟਕਿਆ ਰਹਿੰਦਾ ਤੇ ਚਿੰਤਾ-ਗ੍ਰਸਤ ਰਹਿੰਦਾ ਹੈ। ਮਨ ਸਰੀਰ ਦੀਆਂ ਇੱਛਾਵਾਂ, ਆਕਾਂਖਿਆਵਾਂ ਤੇ ਵਿਕਾਰ-ਪ੍ਰਵਿਰਤੀਆਂ ਦੇ ਬੰਧਨ ਵਿਚ ਹੈ। ਇਸੇ ਬੰਧਨ ਕਾਰਨ ਸੰਸਾਰਕ ਮੋਹ-ਮਾਇਆ ਜਾਲ ਦਾ ਰੂਪ ਧਾਰਦੀ ਹੈ। ਇਸ ਮੋਹ-ਮਾਇਆ ਦੀ ਪਕੜ ਤੇ ਜਕੜ ਬਹੁਤ ਮਜ਼ਬੂਤ ਹੈ। ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ ਅਧਿਐਨ ਨਾਮ-ਸਿਮਰਨ ਦੀ ਭਗਤੀ ਰਾਹੀਂ ਬੰਧਨ-ਮੁਕਤ ਹੋ ਬਲ ਯੁਕਤ ਹੋਣ ਦੀ ਜੁਗਤੀ ਦਰਸਾਉਂਦਾ ਹੈ।

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥**
**(ਅੰਗ ੧੪੨੯)**

ਨੌਂਵੇਂ ਨਾਨਕ ਜੀ ਮਨ ਨੂੰ ਸੰਬੋਧਨ ਹੋ ਪ੍ਰੇਰਨਾ ਕਰਦੇ ਹਨ ਕਿ ਸਿਮਰਨ-ਵਿਹੂਣਾ ਸਗਲ ਜੰਜਾਲ ਬਿਖਿਆ ਹੈ। 'ਸਗਲ' ਤੋਂ ਭਾਵ ਕਿਸੇ ਵੀ ਕਿਸਮ ਦੀ 'ਨਿਗੁਣੀ' ਜਕੜ ਤੇ ਪਕੜ ਵੀ ਬੰਧਨਾਂ ਨਾਲ ਭਰਪੂਰ ਕਰਕੇ ਬਲਹੀਣ ਕਰਦੀ ਹੈ। ਜਿਉਂ-ਜਿਉਂ ਇਹ ਜਕੜ ਤੇ ਪਕੜ ਢਿੱਲੀ ਹੁੰਦੀ ਜਾਂਦੀ ਹੈ, ਤਿਉਂ ਤਿਉਂ ਮਨ ਬਲ ਧਾਰਦਾ ਹੈ। ਸਰੀਰ ਤੇ ਸੰਸਾਰ, ਦੋਹਾਂ ਨਾਲ ਜੁੜੇ ਸਭੇ ਸੁੱਖ, ਰੰਗ ਤੇ ਰਸ ਬੰਧਨ ਹਨ। ਪਰ ਜੇ ਪ੍ਰਭ-ਕ੍ਰਿਪਾ ਨਾਲ ਨਾਮ ਦਾ ਰੰਗ ਤੇ ਰਸ ਮਨ ਵਿਚ ਵਸ-ਧਸ ਜਾਵੇ ਤਾਂ ਇਸ ਵਿਚੋਂ ਬੰਧਨ-ਮੁਕਤ ਹੋ ਬਲ ਧਾਰਨ ਦੀ ਜੁਗਤ ਦੇ ਸੁਨੇਹੇ ਮਿਲਦੇ ਹਨ। ਨਾਮ ਦੀ ਪ੍ਰੀਤੀ ਬਿਨਾਂ ਤਾਂ ਵੱਡੀ ਉਮਰ ਵੀ ਵਿਅਰਥ ਹੈ। ਜੁਆਨੀ ਦੀ ਬਲ-ਭਰਪੂਰ ਅਵਸਥਾ ਵੀ ਭਜਨ-ਬੰਦਗੀ ਤੋਂ ਬਿਨਾਂ ਕਿਸੇ ਅਰਥ ਨਹੀਂ। ਨਾਮ-ਵਿਹੂਣੀ ਇਸ ਅਵਸਥਾ ਦਾ ਆਖਰੀ ਪੜਾਅ ਹੋਰ ਵੀ ਦੁਖਦਾਈ ਹੋ ਜਾਂਦਾ ਹੈ। ਧਨ, ਰਿਸ਼ਤੇ-ਨਾਤੇ, ਸਗਲ ਜਾਇਦਾਦਾਂ, ਇਹ ਸਭੇ ਭਾਵੇਂ ਬਲ-ਯੁਕਤ ਹੋਣ ਦਾ ਭਰਮ-ਭੁਲੇਖਾ ਸਿਰਜਦੇ ਹਨ, ਪਰ ਜਿਉਂ ਹੀ ਨਾਮ ਦੀ ਪ੍ਰੀਤੀ ਸਦਕਾ ਇਹਨਾਂ ਦਾ ਸੱਚ ਜ਼ਾਹਿਰ ਹੋਣ ਲੱਗਦਾ ਹੈ ਤਾਂ ਜੀਵ ਬੰਧਨ-ਮੁਕਤ ਹੋ ਬਲ ਧਾਰਦਾ ਹੈ। ਉਸ ਦੇ ਮਨ ਸਮਝ ਪੈਣ ਲੱਗਦੀ ਹੈ ਕਿ ਪ੍ਰਭੂ ਜੀ ਸਦਾ ਨਾਲ ਵੱਸਣ ਵਾਲੇ ਹਨ, ਵਿਕਾਰਾਂ ਤੋਂ ਖਲਾਸੀ ਕਰਨ ਵਾਲੇ ਹਨ, ਭੈਅ ਦੂਰ ਕਰਨ ਵਾਲੇ ਹਨ ਤੇ ਅਨਾਥਾਂ ਦੇ ਨਾਥ ਹਨ। ਜੀਵ ਨੂੰ ਆਪਣੀਆਂ ਕਮਜ਼ੋਰੀਆਂ ਤੇ ਤੁੱਛ-ਬੁੱਧੀ ਦਾ ਪ੍ਰਗਟਾਵਾ ਹੋਣ ਤੇ ਹੀ ਉਹ ਪ੍ਰਭੂ ਦੇ ਬਲ ਤੇ ਵਿਸ਼ਾਲ ਗੁਣਾਂ ਨੂੰ ਜਾਨਣ ਦੀ ਮਿਹਰ ਪ੍ਰਾਪਤ ਕਰਦਾ ਹੈ। ਤਾਣ ਦੇਣ ਵਾਲੇ ਪ੍ਰਭੂ ਦੇ ਗੁਣ ਗਾਂਵਦਿਆਂ ਉਹ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਪ੍ਰਭੂ ਜੀ ਅੱਗੇ ਸ਼ੁਕਰ-ਗੁਜ਼ਾਰ ਹੁੰਦਾ ਹੈ :

**ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥**

**ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥੨॥੨॥੯੨॥**
**(ਅੰਗ ੮੨੦)**

ਗੁਰੂ ਤੇਗ ਬਹਾਦਰ ਜੀ ਸਲੋਕਾਂ ਵਿਚ ਜੀਵ ਨੂੰ ਸਵੈ ਦੀਆਂ ਸੀਮਤ ਸੋਚਾਂ ਤੇ ਚਿਤਵਨੀਆਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਕਰਦੇ ਹਨ। ਇਹ ਸੋਚਾਂ ਤੇ ਚਿਤਵਨੀਆਂ ਮਨ ਵਿਚ ਫੁਰਨਿਆਂ ਦੀ ਉਪਜ ਕਰ ਮਨੁੱਖ ਨੂੰ ਜੰਜਾਲਾਂ ਵਿਚ ਉਲਝਾ ਕੇ ਬਲਹੀਣ ਕਰਦੀਆਂ ਹਨ। ਗੁਰੂ ਜੀ ਅਜਿਹੇ ਮਨੁੱਖ ਨੂੰ ਝੰਜੋੜਦੇ ਹੋਏ ਅਸਲੀਅਤ ਦੱਸਦੇ ਹਨ :

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥**
**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੯॥**
**(ਅੰਗ ੧੪੨੮)**

ਇਉਂ 'ਹਰਿ ਗੁਨ ਗਾਵਣ' ਤੇ 'ਸਗਲ ਜੰਜਾਲ ਤੋਂ ਨਿਰਲੇਪਤਾ' ਹੀ ਬਲ ਧਾਰਨ ਤੇ ਬੰਧਨ-ਮੁਕਤ ਹੋਣ ਦੀ ਆਧਾਰ-ਜੁਗਤੀ ਹੈ। 52 ਸਲੋਕਾਂ ਤੋਂ ਉਪਰੰਤ ਦੋਹਰੇ ਵਿਚ ਬਲ ਤੇ ਬੰਧਨ ਪ੍ਰਤੀ ਗੁਰੂ ਜੀ ਬਖ਼ਸ਼ਿਸ਼ ਕਰਦੇ ਹਨ :

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥**
**(ਅੰਗ ੧੪੨੯)**

ਜਿਵੇਂ ਤੇਂਦੂਏ ਤੋਂ ਛੁਡਾਉਣ ਲਈ ਹਾਥੀ ਦਾ ਸਹਾਈ ਬਣਿਆ ਤਿਵੇਂ ਹੀ ਮਾਇਅਕ-ਮੋਹ ਦੇ ਬੰਧਨਾਂ ਤੋਂ ਖਲਾਸੀ ਕਰਨ ਲਈ ਪ੍ਰਭੂ ਦੇ ਦਰ ਤੇ ਅਰਦਾਸ ਹੀ ਇਕੋ ਵਸੀਲਾ ਹੈ।

ਸਲੋਕ ਨੰ: 54 ਵਿਚ 'ਬਲ ਹੋਆ ਬੰਧਨ ਛੁਟੇ' ਨਾਲ ਆਤਮਕ-ਬਲ ਪੈਦਾ ਹੋਣ ਦੀ ਜੁਗਤੀ ਦਰਸਾਈ ਹੈ। ਇਸ ਜੁਗਤੀ ਨਾਲ ਮਨ ਵਿਚ 'ਟੇਕ ਏਕ ਰਘੁਨਾਥ' ਦਾ ਭਰੋਸਾ ਬੱਝਦਾ ਹੈ ਤੇ ਮਨ ਵਿਚੋਂ 'ਸੰਸਾਰੀ ਸੰਗੀਆਂ ਦੇ ਝੂਠੇ ਬਲ' ਦਾ ਬੰਧਨ ਟੁੱਟਦਾ ਹੈ। ਅਜਿਹੇ ਮਨ ਨੂੰ ਨਾਮ, ਨਾਮ ਦੀ ਸਾਧਨਾ ਕਰਨ ਵਾਲੇ ਮਨੁੱਖਾਂ ਤੇ ਗੁਰਬਾਣੀ ਗੁਰੂ ਰੂਪ ਵਿਚ ਬਲ ਬਖ਼ਸ਼ਦੀ ਹੈ। ਗੁਰੂ-ਮੰਤਰ ਹੀ ਜਗਤ ਵਿਚ ਬਲ ਦਾ ਸਰੋਤ ਹੈ ਇਸ ਦੇ ਤੁੱਲ ਹੋਰ ਕੁਝ ਕੁ ਬਲਵਾਨ ਨਹੀਂ। ਗੁਰੂ ਮੰਤਰ 'ਵਾਹਿਗੁਰੂ' ਦੇ ਜਾਪ ਨਾਲ ਸੱਭੇ ਸੰਕਟਾਂ ਦਾ ਨਿਵਾਰਣ ਹੁੰਦਾ ਹੈ ਤੇ ਪ੍ਰਤੱਖ ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਅੰਤਲੇ ਸਲੋਕ ਵਿਚ ਰਾਮ ਨਾਮ ਨੂੰ ਹਿਰਦੇ ਵਿਚ ਵਸਾ ਕੇ ਬਲ-ਯੁਕਤ ਹੋਣ ਦੀ ਜੁਗਤੀ ਹੈ :-

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥ (ਅੰਗ ੧੪੨੯)**

ਇਉਂ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿਚ ਬਲ-ਯੁਕਤ ਹੋਣ ਤੇ ਬੰਧਨ-ਮੁਕਤ ਹੋਣ ਦੇ ਸੁਨੇਹਿਆਂ ਦਾ ਸਹਿਜ-ਸੰਚਾਰ ਹੁੰਦਾ ਹੈ। ◆

ਭੋਜਨ ਕੀਰਤਨ

# ਰਾਗ-ਵੈਰਾਗ-ਅਨੁਰਾਗ

- ਖਸਮ ਪ੍ਰਭੂ ਨੇ ਇਸ ਜਗਤ ਵਿਚ ਸੋਨਾ, ਚਾਂਦੀ, ਹੀਰੇ, ਰਤਨ, ਪਉਣ, ਪਾਣੀ, ਅਗਨੀ, ਅੰਨ, ਧਨ, ਬਨਸਪਤੀ, ਫੱਲ, ਫੁੱਲ ਤੇ ਜੀਵ ਜੰਤੂ ਸਾਜੇ ਹਨ। ਜਿੱਥੇ ਮਨੁੱਖ ਨੂੰ ਸੋਚਣ, ਸਮਝਣ ਤੇ ਬੋਲਣ ਹੱਸਣ ਦੀ ਸਮਰੱਥਾ ਬਖ਼ਸ਼ ਕੇ ਸਰਬ ਜੀਵਾਂ ਦਾ ਸਰਦਾਰ ਬਣਾਇਆ ਹੈ, ਉਥੇ ਗੁਰੂ ਨਾਨਕ ਸਾਹਿਬ ਦੀ ਪਾਰਬ੍ਰਹਮੀ ਜੋਤ ਰਾਹੀਂ 'ਖਸਮ ਕੀ ਬਾਣੀ' ਵੀ ''ਸੁੱਖਾਂ ਦੀ ਦਾਤੀ ਵਜੋਂ'' ਦਿੱਤੀ ਹੈ। ਅਸੀਂ ਸ਼ੁਕਰ ਕਰੀਏ ਉਸ ਪ੍ਰਭੂ ਦਾ, ਜਿਸ ਨੇ ਆਪਣੀ ਅਪਾਰ ਕਿਰਪਾ ਕਰਕੇ ਅੰਮ੍ਰਿਤ ਰਸ ਸੁਗੰਧੀ, ਮਹਾਂ ਮਿੱਠੀ, ਸਦੈਵ ਸਜਰੀ, ਹਿਰਦੇ-ਟੁੰਬਵੀਂ, ਆਤਮਕ-ਹੁਲਾਰੀ, ਜੋਤੀ-ਜੋਤ ਮਿਲਾਉਣ ਜੋਗੀ, ਮਨ ਨੂੰ ਚੈਨ ਬਖ਼ਸ਼ਣਹਾਰੀ, ਪਾਪ-ਪੁੰਨ ਦੇ ਚੱਕਰ 'ਚੋਂ ਕੱਢ ਕੇ ਦਮਾ ਦਮ ਹਰਿਜਸ ਦੀ ਰਾਸ ਪੂੰਜੀ ਦਾ ਲਾਹਾ ਦੇਣ ਵਾਲੀ ਤੇ ਹਰਿ ਰੰਗ ਦੀ ਰੰਗੀਨੀ ਨਾਲ ਅਤਿ ਲਾਲ ਮਜੀਠਾ ਗੂੜਾ ਰੰਗ ਚਾੜ੍ਹ ਕੇ, ਸਰਬੱਤ ਦੇ ਭਲੇ ਦੀ ਧੁੰਨ ਪਕਾਉਣ ਵਾਲੀ ਝਿਮ-ਝਿਮ ਵਰਸਦੀ ਰੂਹਾਨੀਧਾਰਾ, 'ਗੁਰਬਾਣੀ' ਦੀ ਸੁਗਾਤ ਦਿੱਤੀ ਹੈ।
- ਸੁਰਤਾ ਤੇ ਤਾਲਬੱਧਤਾ, ਜੀਵਨ ਦੀ ਸੁੰਦਰਤਾ ਦੇ ਨੈਣ ਨਕਸ਼ ਹਨ। ਬਾਣੀ ਦਾ ਸਿੱਖ ਨਾਲ ਉਹੀ ਰਿਸ਼ਤਾ ਹੈ ਜਿਵੇਂ ਕਹਿ ਲਈਏ, ਖੂਨ ਦਾ ਸਰੀਰ ਨਾਲ। ਕੋਈ ਮਨੁੱਖ ਉਨਾਂ ਹੀ ਸਿੱਖੀ ਨਾਲ ਭਰਪੂਰ ਹੁੰਦਾ ਜਾਂਦਾ ਹੈ, ਜਿੰਨਾਂ ਉਹ ਰੋਮ ਰੋਮ ਬਾਣੀ ਨੂੰ ਮੰਨਦਾ-ਜੀਂਦਾ ਤੇ ਗਾਂਦਾ ਹੈ। ਹੋਰ 'ਗਾਉਣ' ਵੀ ਹੁਲਾਰਾ ਦੇਂਦੇ ਹੋਣਗੇ, ਪਰ ਬਾਣੀ ਦੇ ਗਾਉਣ ਵਿਚ ਰੁੱਝਿਆ ਮਨੁੱਖ, ਪਹਿਲਾਂ ਰਾਗ, ਫੇਰ ਵੈਰਾਗ ਅਤੇ ਅੰਤ ਨੂੰ ਅਨੁਰਾਗ ਦੇ ਰੰਗ ਵਿਚ ਘਣਾ ਰਚ ਜਾਂਦਾ ਹੈ।
- ਬਾਣੀਆਂ ਸਿਰ ਬਾਣੀ, 'ਗੁਰਬਾਣੀ' ਨੂੰ ਗਾਉਣ ਦੀ ਗੁਰਮਤਿ ਪਧਤੀ ਦੀ ਨਿਸ਼ਕਾਮ ਸਾਂਭ ਸੰਭਾਲ ਕਰਨੀ ਪੰਥ ਦਾ ਵੱਡਾ ਕਰਤਵ ਹੈ। 'ਗੁਰਮਤਿ ਸੰਗੀਤ' ਨੂੰ ਸਮਰਪਿਤ ਵਿਅਕਤੀ ਕੌਮ ਦੀ ਮਹਾਨ ਸੇਵਾ ਕਰ ਸਕਦੇ ਹਨ, ਜੇ ਕਰ ਉਨ੍ਹਾਂ ਨੂੰ ਕੁਝ ਮੁੱਢਲੀਆਂ ਗੱਲਾਂ ਦੇ ਪ੍ਰਤੀ ਨਿਸਚਾ ਹੋ ਜਾਵੇ।
- ਨਿਤ-ਨਿਤ ਬਾਣੀ ਗਾਵੀਏ, ਸਮਝੀਏ, ਸਿੱਖੀਏ। ਬੱਚਿਆਂ ਨੂੰ ਬਾਣੀ ਗਾਉਣ ਦੀ ਚੇਟਕ ਮੁੱਢ ਤੋਂ ਲਾਈਏ। 'ਭੋਜਨ ਕੀਰਤਨ' ਰੋਜ਼ਾਨਾ ਦੀ ਖੁਰਾਕ ਬਣੇ। ਬਾਣੀ ਨੂੰ ਵਿਸਾਰ ਕੇ ਅਸੀਂ ਪੱਕੇ ਰੋਗੀ ਵਾਂਗ ਵਿਲਲਾਉਂਦੇ ਰਹਿ ਜਾਵਾਂਗੇ, ਏਸ ਤ੍ਰਾਸਦੀ ਤੋਂ ਖਸਮ ਪ੍ਰਭੂ ਆਪ ਹੀ ਬਚਾਅ ਲੈਣ....।

- ਵਿਰਸਾ ਬਿਊਰੋ

ਵਾਰ ਸਲੋਕਾਂ ਨਾਲ

# ਗਾਇ ਰਬਾਬੀ ਆਸਾ ਵਾਰ

**ਪ੍ਰਿੰ. ਮਨਿੰਦਰ ਸਿੰਘ**
ਗੁਰੂ ਨਾਨਕ ਪੰਜਾਬੀ ਸਕੂਲ
ਸਿੱਖ ਸੋਸਾਇਟੀ ਕੈਲਗਰੀ, ਕੈਨੇਡਾ

ਵਾਰ ਕਾਵਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਸ਼ੇਸ਼ ਹਿੱਸਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 22 ਵਾਰਾਂ ਸ਼ਾਮਲ ਹਨ। ਸ਼ਬਦ 'ਵਾਰ' ਦੇ ਅਨੇਕਾਂ ਅਰਥ ਹਨ। ਮਹਾਨ ਕੋਸ਼ ਵਿਚ ਇਸ ਦੇ 31 ਅਰਥ ਦਰਜ਼ ਕੀਤੇ ਗਏ ਹਨ। ਕਾਵਿਕ ਪੱਖੋਂ ਵਾਰ ਇਕ ਲੋਕ ਕਾਵਿ ਹੈ ਜਿਸ ਵਿਚ ਜੰਗਾਂ ਜੁੱਧਾਂ ਦਾ ਵਰਣਨ ਕੀਤਾ ਜਾਂਦਾ ਸੀ। ਜੰਗਜੂ ਕੌਮਾਂ ਵਿਚ ਇਹ ਬੜਾ ਹਰਮਨ ਪਿਆਰਾ ਲੋਕ ਕਾਵਿ ਸੀ। ਚਾਰਣ ਭਾਟ ਬੀਰ ਰੱਸੀ ਵਾਰਾਂ ਸੁਣਾ ਕੇ ਰਾਜਪੂਤ ਯੋਧਿਆਂ ਵਿਚ ਵੀਰਤਾ ਦਾ ਸੰਚਾਰ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ 9 ਵਾਰਾਂ ਦੇ ਸਿਰਲੇਖਾਂ ਵਿਚ ਇਹਨਾਂ ਸਮਕਾਲੀਨ ਵਾਰਾਂ ਦੀ ਧੁਨੀ ਉਤੇ ਗਾਉਣ ਦੀ ਹਿਦਾਇਤ ਦਿੱਤੀ ਗਈ ਹੈ। ਵਾਰਾਂ ਦੀ ਰਚਨਾ ਕੇਵਲ ਪਉੜੀ ਛੰਦ ਵਿਚ ਹੀ ਕੀਤੀ ਜਾਂਦੀ ਸੀ ਜਿਸ ਦੀ ਪ੍ਰੋੜ੍ਹਤਾ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿਚੋ ਦੋ ਵਾਰਾਂ ਕੇਵਲ ਪਉੜੀਆਂ ਵਿਚ ਹੀ ਦਰਜ਼ ਹਨ। ਇਹ ਵਾਰਾਂ ਹਨ- 'ਬਸੰਤ ਕੀ ਵਾਰ ਮਹਲੁ 5' ਅਤੇ 'ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ।' ਬਾਕੀ ਦੀਆਂ ਵੀਹ ਵਾਰਾਂ ਦੀ ਸੰਪਾਦਨਾ ਕਰਨ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਉੜੀਆਂ ਨਾਲ ਸਲੋਕ ਜੋੜ ਦਿੱਤੇ। ਵਾਰਾਂ ਤੋਂ ਬਾਕੀ ਬਚੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਿਮ ਭਾਗ ਵਿਚ "ਸਲੋਕ ਵਾਰਾਂ ਤੇ ਵਧੀਕ" ਸਿਰਲੇਖ ਹੇਠ ਲੜੀਵਾਰ ਰਚਨਾਕਾਰ ਗੁਰੂ ਅਨੁਸਾਰ ਅੰਕਿਤ ਕਰ ਦਿੱਤੇ ਗਏ।

ਆਸਾ ਕੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਰਚਨਾ ਹੈ। ਇਸ ਵਾਰ ਦਾ ਕੀਰਤਨ ਸਵੇਰ ਦੇ ਸਿੱਖ ਦੀਵਾਨਾਂ ਵਿਚ ਰੋਜ਼ਾਨਾ ਕੀਤਾ ਜਾਂਦਾ ਹੈ। ਆਸਾ ਕੀ ਵਾਰ ਦੇ ਸਿਰਲੇਖ ਵਿਚ ਵੀ ਸਲੋਕਾਂ ਨੂੰ ਮਗਰੋਂ ਦਰਜ਼ ਕਰਨ ਦੀ ਸੂਚਨਾ ਦਿੱਤੀ ਗਈ ਹੈ।

**ਆਸਾ ਮਹਲਾ ੧ ॥**
**ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ**
**ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥** (ਅੰਗ ੪੬੨)

ਇਸ ਵਾਰ ਨੂੰ ਟੁੰਡੇ ਅਸਰਾਜ ਦੀ ਵਾਰ ਵਾਲੀ ਧੁਨੀ 'ਤੇ ਗਾਉਣ ਦੀ ਹਿਦਾਇਤ ਵੀ ਸੰਪਾਦਕ ਵੱਲੋਂ ਕੀਤੀ ਗਈ ਹੈ। ਮਹਾਨ ਕੋਸ਼ ਅਨੁਸਾਰ "ਸਾਰੰਗ ਦਾ ਪੁੱਤਰ ਅਸਰਾਜ ਸੀ। ਉਸ ਦੀ ਛੋਟੀ ਮਾਂ ਜੋ ਨਵਯੋਵਨਾ ਸੀ ਅਸਰਾਜ 'ਤੇ ਮੋਹਿਤ ਹੋ ਗਈ ਅਰ ਆਪਣੀ ਮੰਦ ਭਾਵਨਾ ਪ੍ਰਗਟ ਕੀਤੀ। ਪਰ ਧਰਮਾਤਮਾ ਅਸ ਨੇ ਦ੍ਰਿੜਤਾ ਨਾਲ ਧਰਮ ਪਾਲਿਆ। ਮਤਰੇਈ ਨੇ ਵਿਸ਼ੇਲੰਪਟ ਰਾਜੇ ਨੂੰ ਭੜਕਾ ਕੇ ਪੁਤ੍ਰ ਤੇ ਅਯੋਗ ਕਲੰਕ ਲਾਇਆ ਅਤੇ ਹੱਥ ਕਟਵਾਕੇ ਦੇਸੋਂ ਕਢਵਾ ਦਿੱਤਾ। ਦੇਵ ਯੋਗ ਨਾਲ ਟੁੰਡਾ ਅਸਰਾਜ ਵਿਦੇਸ਼ ਵਿਚ ਜਾਕੇ ਆਪਣੇ ਸ਼ੁਭ ਗੁਣਾਂ ਦੁਆਰਾ ਸਭ ਸੰਪਦਾ ਸਹਿਤ ਹੋ ਗਿਆ। ਜਦੋਂ ਪਿਤਾ ਨੂੰ ਸਮਾਂ ਪਾਕੇ ਅਸਲ ਹਾਲ ਮਾਲੂਮ ਹੋਇਆ ਤਦ ਪੁਤ੍ਰ ਨੂੰ ਚਿੱਠੀ ਲਿਖਕੇ ਬੁਲਵਾਇਆ। ਪਰ ਅਸਰਾਜ ਦੀ ਮਤ੍ਰੇਈ ਦੇ ਪੁੱਤਰਾਂ ਖਾਨ ਤੇ ਸੁਲਤਾਨ ਨੇ ਫ਼ੌਜਾਂ ਲੈਕੇ ਵੱਡੇ ਭਾਈ ਦਾ ਮੁਕਾਬਲਾ ਕੀਤਾ। ਕਰਤਾਰ ਦੀ ਕਿਰਪਾ ਨਾਲ ਅਸਰਾਜ ਨੇ ਫ਼ਤੇ ਪਾਕੇ ਪਿਤਾ ਦੇ ਚਰਣਾ ਪੁਰ ਪ੍ਰਣਾਮ ਕੀਤਾ। ਸਾਰੰਗ ਨੇ ਪਿਛਲੀ ਆਪਣੀ ਕਰਤੂਤ ਪੁਰ ਲੱਜਿਤ ਹੋਕੇ ਅਸਰਾਜ ਨੂੰ ਰਾਜ ਸਿੰਘਾਸਨ ਤੇ ਬਿਠਾਕੇ ਆਪ ਏਕਾਂਤਾਸ ਇਖ਼ਤਿਆਰ ਕੀਤਾ।" - ਮਹਾਨ ਕੋਸ਼

ਅਸਰਾਜ ਦੀ ਬੀਰਤਾ ਦੀ ਉਪਮਾ ਵਿਚ ਭੱਟਾਂ ਨੇ ਇਸ ਦਾ ਜੱਸ ਵਾਰ ਦੇ ਰੂਪ ਵਿਚ ਗਾਇਆ। ਇਸ ਵਾਰ ਦੀ ਉਥਾਨਕਾ ਜਨਮ ਸਾਖੀ (32) ਵਿਚ ਇਸ ਪ੍ਰਕਾਰ ਲਿਖੀ ਹੋਈ ਹੈ : ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਪਾਕ ਪਟਨ ਪਹੁੰਚੇ ਜਿੱਥੇ ਬਾਬਾ ਫ਼ਰੀਦ ਸ਼ੱਕਰਗੰਜ ਦੀ ਦੀ ਗੱਦੀ ਉਤੇ ਸ਼ੇਖ਼ ਬ੍ਰਹਮ ਬਿਰਾਜਮਾਨ ਸਨ। ਉਹਨਾਂ ਦਾ ਮੁਰੀਦ ਸ਼ੇਖ਼ ਕਮਾਲ ਆਪਣੇ ਮੁਰਸ਼ਦ ਦੀ ਰਸੋਈ ਲਈ ਜੰਗਲ ਵਿਚੋਂ ਲਕੜਾਂ ਇਕੱਠੀਆਂ ਰਿਹਾ ਸੀ। ਉਥੇ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਜੋ ਭਾਈ ਮਰਦਾਨੇ ਨਾਲ ਹਰਿਨਾਮ ਦੇ ਕੀਰਤਨ ਵਿਚ ਮਗਨ ਬੈਠੇ ਇਹ ਸਲੋਕ ਉਚਾਰ ਰਹੇ ਸਨ:-

**ਮः ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥** (ਅੰਗ ੧੨੯੧)

ਇਹ ਸੁਣਕੇ ਸ਼ੇਖ ਕਮਾਲ ਬਹੁਤ ਪ੍ਰਭਾਵਤ ਹੋਇਆ ਤੇ ਉਸ ਨੇ ਇਹ ਸਲੋਕ ਕੰਠ ਕਰ ਲਿਆ। ਡੇਰੇ ਵਿਚ ਵਾਪਸ ਆਕੇ ਉਸ ਨੇ ਇਹ ਸਲੋਕ ਆਪਣੇ ਮੁਰਸ਼ਦ ਨੂੰ ਸੁਣਾਇਆ। ਸ਼ੇਖ਼ ਬ੍ਰਹਮ ਇਸ ਸਲੋਕ ਦੀ ਭਾਵ ਸਮੱਗਰੀ ਤੋਂ ਪ੍ਰਭਾਵਤ ਹੋਕੇ ਗੁਰੂ ਨਾਨਕ ਦੇਵ ਜੀ ਨਾਲ ਗੋਸਟਿ ਕਰਨ ਲਈ ਜੰਗਲ ਵਿਚ ਪਹੁੰਚਿਆ। ਕਾਫ਼ੀ ਦੇਰ ਦੇ ਵਿਚਾਰ ਵਟਾਂਦਰੇ ਮਗਰੋਂ ਸ਼ੇਖ਼ ਬ੍ਰਹਮ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗਾ। "ਨਾਨਕ ਹਿਕ ਖ਼ੁਦਾਇ ਦੀ ਵਾਰ ਸੁਣਾਇ। ਅਸਾਨੂੰ ਇਹ ਮਖ਼ਸੂਦ ਹੈ ਜੋ ਵਾਰ ਦੁਹੂੰ ਬਾਝੁ ਨਾਹੀਂ ਅਤੇ ਤੂੰ ਹਿਕੋ ਹਿਕ ਆਖਦਾ ਹੈਂ, ਵੇਖਾਂ ਖ਼ੁਦਾਇ ਦਾ ਸਰੀਕੁ ਤੂੰ ਕਵਣ ਕਰਸੀ?" ਤਬ ਬਾਬੇ ਆਖਿਆ ਮਰਦਾਨਿਆ ਰਬਾਬੁ ਵਜਾਇ। ਤਾ ਮਰਦਾਨੇ ਰਬਾਬ ਵਜਾਇਆ, ਰਾਗ ਆਸਾ ਕੀਤਾ, ਬਾਬੇ ਸਲੋਕ ਦਿਤਾ।

ਸਲੋਕ, ਸਤਿਗੁਰ ਪ੍ਰਸਾਦਿ ਆਸਾ ਕੀ ਵਾਰ ਮਹਲਾ ੧।

ਇਸ ਅਵਸਰ ਉਤੇ ਕੇਵਲ ਨੌਂ ਪਉੜੀਆਂ ਉਚਾਰੀਆ ਗਈਆਂ, ਬਾਕੀ ਦੀਆਂ ਲਾਹੌਰ ਦੇ ਕਿਸੇ ਦੁਨੀ ਚੰਦ ਪ੍ਰਤੀ ਕਹੀਆਂ ਗਈਆਂ ਲਿਖੀਆਂ ਹਨ।

ਭਾਵੇਂ ਉਪ੍ਰੋਕਤ ਉਥਾਨਕਾ ਵਿਚ ਇਸ ਵਾਰ ਦੀ ਰਚਨਾ ਵਿਅਕਤੀ ਵਿਸ਼ੇਸ ਲਈ ਕੀਤੀ ਗਈ ਦੱਸੀ ਗਈ ਹੈ ਪਰੰਤੂ ਗੁਰਬਾਣੀ ਦੇ ਸਿਧਾਂਤ "ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ।।" (ਅੰਗ 647) ਅਨੁਸਾਰ ਇਸ ਦਾ ਸੰਬੰਧ ਸਮੁੱਚੀ ਮਨੁੱਖਤਾ ਨਾਲ ਹੈ।

ਮਹਾਨ ਕੋਸ਼ ਅਨੁਸਾਰ "ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਮਹਾਰਾਜ ਦੇ ਸਨਮੁੱਖ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਸਾ ਦੀ ਵਾਰ ਗਾਉਣ ਦੀ ਮਰਿਆਦਾ ਆਰੰਭ ਕੀਤੀ। ਗੁਰੂ ਅਰਜਨ ਸਾਹਿਬ ਨੇ ਚੌਥੇ ਸਤਿਗੁਰਾਂ ਦੇ 24 ਛੱਕਿਆਂ (ਛੰਦਾਂ) ਨੂੰ 24 ਪਉੜੀਆਂ ਨਾਲ ਕੀਰਤਨ ਵਿਚ ਸ਼ਾਮਿਲ ਕੀਤਾ। ਹੁਣ ਗੁਰਦੁਆਰਿਆ ਵਿਚ ਆਸਾ ਦੀ ਵਾਰ ਦਾ ਨਿਤ ਕੀਰਤਨ ਹੁੰਦਾ ਹੈ :

ਗਾਇ ਰਬਾਬੀ ਆਸਾ ਵਾਰ-ਗੁਪ੍ਰਸੂ -ਮਹਾਨ ਕੋਸ਼।

ਗੁਰੂ ਅਰਜਨ ਦੇਵ ਜੀ ਦੁਆਰਾ ਥਾਪੀ ਹੋਈ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਿਆਦਾ ਅਨੁਸਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਪਹਿਲੀ ਚੌਕੀ ਹੈ। ਉਪਰੋਕਤ ਦਿੱਤੀ ਗਈ ਜਾਣਕਾਰੀ ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸੀ ਗੁਰੂ ਰਾਮਦਾਸ ਜੀ ਤਕ ਆਸਾ ਦੀ ਵਾਰ ਦੀਆਂ 24 ਪਉੜੀਆਂ ਦਾ ਕੀਰਤਨ ਗੁਰੂ ਦਰਬਾਰ ਵਿਚ ਹੁੰਦਾ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਮਗਰੋਂ ਜਦੋਂ ਪਉੜੀਆਂ ਨਾਲ ਸਲੋਕ ਜੋੜ ਕੇ ਲਿਖੇ ਗਏ ਉਸ ਸਮੇ ਤੋਂ ਪਉੜੀਆ ਨਾਲ ਛੰਦ ਅਤੇ ਸਲੋਕਾਂ ਦਾ ਕੀਰਤਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੁਆਰਾ ਆਰੰਭ ਕੀਤਾ ਜਾਣਾ ਤਰਕ ਸੰਗਤ ਲਗਦਾ ਹੈ। ਗੁਰੂ ਰਾਮਦਾਸ ਜੀ ਮਹਾਰਾਜ ਦੇ ਛੱਕਿਆਂ ਵਿਚ ਗੁਰੂ ਸਨਮੁਖ ਆਪਾ ਸਮਰਪਣ, ਨਿਮ੍ਰਤਾ ਪ੍ਰੇਮ ਤੇ ਭਗਤੀ ਰਸ ਦਾ ਅੰਮ੍ਰਿਤਮਈ ਪ੍ਰਵਾਹ ਚਲਦਾ ਅਨੁਭਵ ਹੁੰਦਾ ਹੈ। ਸੋ ਸ੍ਰੋਤਿਆਂ ਦੇ ਹਿਰਦੇ ਵਿਚ ਭਗਤੀ ਭਾਵਨਾ ਦਾ ਰਸ ਸਿੰਚਣ ਲਈ ਇਹ ਛੱਕੇ ਛੰਤ ਹਰੇਕ ਪਉੜੀ ਤੋਂ ਪਹਿਲਾਂ ਗਾਏ ਜਾਣ ਦਾ ਪ੍ਰਚਲਨ ਹੋਇਆ।

ਇਹ ਵੀ ਵਿਚਾਰ ਕਰਨਾ ਉਚਿਤ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿਚੋਂ ਆਸਾ ਦੀ ਵਾਰ ਨੂੰ ਹੀ ਕਿਉਂ ਰੋਜ਼ਾਨਾ ਦੀਵਾਨਾਂ ਵਿਚ ਗਾਏ ਜਾਣ ਦੀ ਮਰਿਆਦਾ ਦਾ ਪ੍ਰਚਲਨ ਹੋਇਆ। ਇਸ ਵਾਰ ਦੇ ਵਿਸ਼ੇ ਵਸਤੂ ਦਾ ਨਿਰੀਖਣ ਕਰਨ 'ਤੇ ਇਹ ਗਲ ਸਪੱਸ਼ਟ ਹੋ ਜਾਂਦੀ ਹੈ। ਧਰਮ ਦੇ ਨਾਮ ਉੱਤੇ ਸ਼ਖਸੀ ਅਤੇ ਸਮਾਜੀ ਧਰਾਤਲ ਤੇ ਅਗਿਆਨਤਾ ਦੀ ਧੁੰਦ ਇਤਨੀ ਗਹਿਰੀ ਹੈ ਕਿ ਇਸ ਨੂੰ ਕੇਵਲ ਸੱਚੇ ਗੁਰੂ ਗਿਆਨ ਦਾ ਪ੍ਰਕਾਸ਼ ਹੀ ਮਿਟਾ ਸਕਦਾ ਹੈ। ਇਸ ਵਾਰ ਵਿਚ ਧਰਮ ਦੇ ਨਾਂ 'ਤੇ ਨਿਤ ਦਿਨ ਹੋ ਰਹੇ ਕਰਮ ਕਾਂਡਾਂ, ਅੰਧਵਿਸ਼ਵਾਸਾਂ, ਦਿਖਾਵਿਆਂ, ਵਹਿਮਾਂ ਭਰਮਾਂ ਦਾ ਖੰਡਨ ਬੜੀ ਪ੍ਰਭਾਵਸ਼ਾਲੀ ਸ਼ਬਦਾਵਲੀ ਵਿਚ ਕੀਤਾ ਗਿਆ ਹੈ। ਇਸ ਵਿਚ ਪੁਜਾਰੀ ਵਰਗ ਦੇ ਪਾਖੰਡਾਂ, ਦੰਭਾਂ ਤੇ ਲੁੱਟ ਘਸੁੱਟ ਦੀ ਪੋਲ ਵੀ ਖੋਲ੍ਹੀ ਗਈ ਹੈ ਤੇ ਉਹਨਾਂ ਨੂੰ ਆਪਣੀ ਜ਼ਿੰਮੇਦਾਰੀ ਪ੍ਰਤੀ ਸਾਵਧਾਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਆਸਾ ਦੀ ਵਾਰ ਵਿਚ ਰਾਜਨੈਤਿਕ ਜ਼ੋਰ-ਜ਼ੁਲਮ, ਧੱਕੇਸ਼ਾਹੀ, ਸਮਾਜਿਕ ਅਤੇ ਆਰਥਕ ਨਾਬਰਾਬਰੀ, ਸ਼ੋਸ਼ਣ ਅਤੇ ਸਦਾਚਾਰਕ ਗਿਰਾਵਟ ਦਾ ਵੀ ਬਹੁਤ ਅਸਰਦਾਰ ਵਿਵੇਚਨ ਕੀਤਾ ਗਿਆ ਹੈ। ਭਾਵੇਂ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਉਪ੍ਰੋਕਤ ਭਾਵਾਂ ਦੇ ਵਿਚਾਰ ਥਾਓ ਥਾਈਂ ਪ੍ਰਗਟ ਕੀਤੇ ਗਏ ਹਨ ਪਰੰਤੂ ਇਕੋ ਬਾਣੀ ਵਿਚ ਇਨ੍ਹਾਂ ਸਭਨਾ ਦਾ ਸਮਾਵੇਸ਼ ਕਰਕੇ ਗੁਰੂ ਜੀ ਨੇ ਰਸਾਤਲ ਵਿਚ ਪਹੁੰਚੇ ਤਤਕਾਲੀਨ ਸਮਾਜਿਕ, ਰਾਜਨੈਤਿਕ ਤੇ ਸਭਿਆਚਾਰਕ ਹਾਲਾਤ ਵਿਚ ਡੁੱਬੇ ਭਾਰਤੀ ਜਨਮਾਨਸ ਨੂੰ ਉਭਾਰਨ ਦੇ ਨਾਲ ਨਾਲ ਮਨੁੱਖੀ ਕਲਿਆਣ ਹਿੱਤ ਨਾਮ-ਧਰਮ ਕੀ ਮਹਾਨਤਾ ਪ੍ਰਤਿ ਭੀ ਜਾਗਰੂਕ ਕੀਤਾ ਹੈ। ਸੋ ਗੁਰਸਿੱਖ ਲਈ ਰੋਜ਼ਾਨਾ ਆਸਾ ਦੀ ਵਾਰ ਦੇ ਨਿਰਮਲ ਸਰੋਵਰ ਵਿਚ ਆਤਮਿਕ ਟੁੱਭੀ ਲਾਉਣ ਦੀ ਮਰਯਾਦਾ ਗੁਰੂ ਕਾਲ ਤੋਂ ਹੀ ਚਲੀ ਆਈ ਹੈ। ਮਨੁੱਖ ਦੀ ਕੂੜ ਦੀ ਪਾਲ ਤੋੜ ਕੇ ਉਸ ਦੇ ਅੰਤਰਮਨ ਵਿਚ ਸੱਚ ਦਾ ਪ੍ਰਕਾਸ਼ ਕਰਨ ਦਾ ਜ਼ੋਰਦਾਰ ਉਪਰਾਲਾ ਕੀਤਾ ਗਿਆ ਹੈ ਜਿਸ ਨਾਲ ਉਹ ਹੁਕਮ ਰਜ਼ਾਈ ਚਲਦਾ ਹੋਇਆ ਸਚਿਆਰੇ ਜੀਵਨ ਨੂੰ ਪ੍ਰਾਪਤ ਕਰ ਸਕੇ।

ਵਾਰ ਦੀਆਂ ਪਉੜੀਆਂ ਦੇ ਨਾਲ ਜੋੜੇ ਗਏ ਸਲੋਕਾਂ ਦਾ ਭਾਵਾਤਮਕ ਸੰਬੰਧ ਹੈ। ਜਿੱਥੇ ਪਉੜੀਆਂ ਵਿਚ ਵਾਹਿਗੁਰੂ ਤੇ ਸਤਿਗੁਰਾਂ ਦੀ ਅਧਿਆਤਮ ਮਹਾਨਤਾ ਨੂੰ ਪ੍ਰਗਟ ਕੀਤਾ ਗਿਆ ਹੈ ਉਥੇ ਸਲੋਕਾਂ ਵਿਚ ਸ੍ਰਿਸ਼ਟੀ ਦੀ ਰਚਨਾ ਕੁਦਰਤਿ, ਜੀਵ ਜਗਤ ਅਤੇ ਧਾਰਮਿਕ, ਸਮਾਜਿਕ ਅਤੇ ਰਾਜਨੈਤਿਕ ਵਿਕ੍ਰਿਤੀਆਂ ਦਾ ਵਰਣਨ ਹੈ। ਜੀਵਾਂ ਦੇ ਸਿਕਦਾਰ ਮਨੁੱਖ ਨੂੰ ਕੂੜ ਦਾ ਜੰਜਾਲ ਕੱਟ ਕੇ ਗੁਰ ਗਿਆਨ ਦੁਆਰਾ ਸੱਚ ਦਾ ਵਿਹਾਰ ਕਰਦਿਆਂ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਵਾਰ ਦੀਆਂ 24 ਪਉੜੀਆਂ ਦੇ ਨਾਲ 59 ਸਲੋਕ ਹਨ। ਇਨ੍ਹਾਂ ਵਿਚੋਂ 44 ਸਲੋਕ ਮਹਲਾ 1, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਉਚਾਰੇ ਹੋਏ ਹਨ ਅਤੇ 15 ਸਲੋਕ ਮਹਲਾ 2, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸ਼ਾਮਿਲ ਕੀਤੇ ਗਏ ਹਨ। ਪਉੜੀਆਂ ਨਾਲ 2 ਤੋਂ ਲੈਕੇ 5 ਤਕ ਸਲੋਕ ਜੋੜੇ ਗਏ ਹਨ। ਵਾਰ ਦੀ ਭਾਸ਼ਾ ਸਾਧ ਭਾਖਾ ਪ੍ਰਭਾਵਿਤ ਪੰਜਾਬੀ ਹੈ, ਵਿਚ ਵਿਚ ਸਾਮੀ ਧਰਮਾਂ ਦੀ ਸ਼ਬਦਵਾਲੀ ਦੀ ਵਰਤੋਂ ਵੀ ਕੀਤੀ ਗਈ ਹੈ। ਸਮੁੱਚੇ ਤੌਰ 'ਤੇ ਵਾਰ ਦੀ ਭਾਸ਼ਾ ਸਮਕਾਲੀਨ ਧਰਾਤਲ ਤੇ ਕਾਫ਼ੀ ਸਰਲ ਹੈ ਜਿਸ ਨੂੰ ਧਾਰਮਿਕ ਤੇ ਸਭਿਆਚਾਰਕ ਸੂਝ ਰੱਖਣ ਵਾਲਾ ਸ੍ਰੋਤਾ ਸਹਿਜੇ ਹੀ ਸਮਝ ਸਕਦਾ ਹੈ। ਕਈ ਤੁੱਕਾਂ ਦਾ ਪ੍ਰਚਲਨ ਤਾਂ ਮੁਹਾਵਰਿਆਂ ਵਰਗਾ ਹਰਮਨ ਪਿਆਰਾ ਹੋ ਗਿਆ ਹੈ ਜਿਵੇਂ :-

**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥ (ਅੰਗ ੪੬੫)**

**ਫਲੁ ਤੇਵਹੋ ਪਾਈਐ ਜੇਵੇਹੀ ਕਾਰ ਕਮਾਈਐ ॥ (ਅੰਗ ੪੬੮)**

**ਵਡੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ (ਅੰਗ ੪੬੯)**

**ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥ (ਅੰਗ ੪੬੯)**

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਅੰਗ ੪੭੦)**

**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ (ਅੰਗ ੪੭੦)**

**ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ (ਅੰਗ ੪੭੪)**

ਇਸ ਵਾਰ ਵਿਚ ਆਈ ਵਿਚਾਰਧਾਰਾ ਸਾਡੇ ਰੋਜ਼ਾਨਾ ਜੀਵਨ ਨਾਲ ਕਦਮ-ਬ-ਕਦਮ ਤੁਰਦੀ ਪ੍ਰਤੀਤ ਹੁੰਦੀ ਹੈ। ਇਹ ਆਤਮਿਕ ਗਿਆਨ ਦਾ ਪ੍ਰਕਾਸ਼ ਹੈ ਜਿਸ ਨਾਲ ਅਸੀਂ ਆਪਣਾ ਹਰੇਕ ਕਦਮ **"ਚਰਨ ਚਲਉ ਮਾਰਗਿ ਗੋਬਿੰਦ।। (ਸੁਖਮਨੀ)"** ਕਰਕੇ ਪੁਟਣਾ ਹੈ। ਇਸ ਲਈ ਵਾਰ ਦੀ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਸਮਝ ਕੇ ਰੋਜ਼ਾਨਾ ਜੀਵਨ ਵਿਚ ਅਪਨਾਉਣ ਦੀ ਲੋੜ ਹੈ।

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥**

**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥**

**(ਅੰਗ ੬੬੭)**

ਦੇ ਉਪਦੇਸ਼ ਅਨੁਸਾਰ ਇਸ ਤਰ੍ਹਾਂ ਹਰੇਕ ਕਦਮ ਸੋਚ ਸਮਝ ਕੇ ਚਲਦਿਆਂ ਜੀਵਨ ਮਾਰਗ ਸਿੱਧਾ ਪ੍ਰਭੂ ਦੁਆਰ ਤਕ ਲੈ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:-

**ਚਲਤ ਚਲਤ ਜੈਸੇ ਪਹੁੰਚੈ ਠਿਕਾਨੈ ਜਾਇ**
**ਖੋਜਤ ਖੋਜਤ ਗੁਰ ਸਬਦੁ ਲਿਵ ਲੀਨ ਹੈ ॥੫੮੪॥ (ਭਾਈ ਗੁਰਦਾਸ ਜੀ)**

ਗੁਰਸ਼ਬਦ ਦੀ ਖੋਜ ਦੇ ਉਦੇਸ਼ ਨਾਲ ਆਸਾ ਕੀ ਵਾਰ ਦੀ ਵਿਚਾਰ ਲੜੀਵਾਰ ਆਰੰਭ ਕੀਤੀ ਜਾ ਰਹੀ ਹੈ। ਆਸ ਹੈ ਸਤਿਗੁਰਾਂ ਦੀ ਆਸੀਸ ਅਤੇ ਗੁਰਬਾਣੀ ਦੇ ਜਿਗਿਆਸੂ ਗੁਰੂ ਪਿਆਰਿਆਂ ਦੇ ਸਨੇਹਮਈ ਉਤਸ਼ਾਹ ਨਾਲ ਇਹ ਵਿਚਾਰ ਲੜੀ ਅੱਗੇ ਚਲਦੀ ਜਾਵੇਗੀ। ◆

# ਚਰਨਾਂ ਦੀ ਪ੍ਰੀਤ

ਸਹਿਜ ਪਾਠ ਕਰਦਿਆਂ ਇੱਕ ਪੰਕਤੀ ਪੜ੍ਹੀ

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (ਪਾਵਨ ਅੰਗ ੫੨੨)**

ਗੁਰੂ ਸਾਹਿਬ ਜੀ ਕਹਿੰਦੇ, ਬੰਦਾ (ਮਨੁੱਖ) ਜਦੋਂ ਸਤਿਗੁਰੂ (ਗਿਆਨ, ਬਚਨ, ਗੁਰਬਾਣੀ) ਨਾਲ ਭੇਟ ਕਰਦਾ ਹੈ (ਗਿਆਨ, ਮੁਤਾਬਿਕ ਜੀਵਨ ਜਿਉਂਦਾ ਹੈ) ਤਾਂ ਉਸ ਨੂੰ ਜੀਵਨ ਜਿਉਣ ਦੀ ਜੁਗਤੀ (Art of Living) ਆ ਜਾਂਦੀ ਹੈ ਅਤੇ ਫਿਰ ਉਹ ਹੱਸਦਾ, ਖੇਡਦਾ, ਪਹਿਨਦਾ, ਖਾਂਦਾ ਹੋਇਆ ਵਿਚੇ ਮੁਕਤੀ ਪ੍ਰਾਪਤ ਕਰਦਾ ਹੈ। ਮਨ ਵਿੱਚ ਸਵਾਲ ਆਇਆ ਕਿ ਮਨੁੱਖ ਹੱਸ, ਖੇਡ, ਪਹਿਨ ਅਤੇ ਖਾ ਤਾਂ ਜਿਉਂਦੇ ਜੀਅ (ਸਰੀਰ ਰਹਿੰਦਿਆਂ) ਹੀ ਕਰ ਸਕਦਾ ਹੈ। ਇਕਦਮ ਇਹ ਵੀ ਉੱਤਰ ਮਿਲ ਗਿਆ ਕਿ ਜੇ ਗੁਰੂ ਜੀ **'ਵਿਚੇ ਮੁਕਤਿ'** ਦੀ ਗੱਲ ਕਰਦੇ ਹਨ ਤਾਂ ਮੁਕਤੀ ਵੀ ਤਾਂ ਸਰੀਰ ਵਿੱਚ ਰਹਿੰਦਿਆਂ ਹੀ ਹੋਣੀ ਹੈ, ਭਾਵ ਜਿਉਂਦੇ ਜੀਅ ਹੀ ਹੋਣੀ ਹੈ। ਸੋ ਪਹਿਲੀ ਗੱਲ ਤਾਂ ਇਹ ਹੋਈ ਹੈ। ਦੂਸਰੀ ਗੱਲ ਜੇ ਅਸੀਂ 'ਮੁਕਤੀ' ਚਾਹੁੰਦੇ ਹਾਂ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਕਿਸੇ 'ਬੰਧਨ' ਵਿੱਚ ਹਾਂ। ਜਿਸ ਤੋਂ (ਛੁਟਕਾਰਾ) ਮੁਕਤੀ ਚਾਹੁੰਦੇ ਹਾਂ।

ਗੁਰਬਾਣੀ ਵਿੱਚ ਆਉਂਦਾ ਹੈ।

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ (ਪਾਵਨ ਅੰਗ ੫੯੫)**

ਸਾਡੇ ਅਵਗੁਣ ਹੀ ਸਾਡੇ ਲਈ ਬੰਧਨ (ਫਾਹੀ) ਹਨ। ਜਿੰਨੇ ਜ਼ਿਆਦਾ ਅਵਗੁਣ, ਉਤਨੇ ਜ਼ਿਆਦਾ ਬੰਧਨ (ਫਾਹੀਆਂ)। ਸੋ ਅਵਗੁਣ, ਸਰੀਰ ਵਿੱਚ ਰਹਿੰਦਿਆਂ ਹੀ ਦੂਰ ਕੀਤੇ ਜਾ ਸਕਦੇ ਹਨ, ਜਾਂ ਕਹਿ ਲਈਏ ਗੁਣਾਂ ਨੂੰ ਧਾਰਨ ਕਰਕੇ ਹੀ, ਅਵਗੁਣ ਦੂਰ (ਫਾਹੀ ਕੱਟੀ ਜਾ ਸਕਦੀ ਹੈ) ਕੀਤੇ ਜਾ ਸਕਦੇ ਹਨ।

ਅਵਗੁਣਾਂ (ਵਿਕਾਰਾਂ) ਤੋਂ ਮੁਕਤ ਹੋਣਾ ਹੀ ਮੁਕਤੀ ਹੈ ਅਤੇ ਹੋਣੀ ਵੀ ਸਰੀਰ ਵਿਚ ਰਹਿੰਦਿਆਂ ਹੀ ਹੈ। ਤਾਂ ਹੀ ਧਰਮੀ (ਗੁਣਾਂ ਨਾਲ ਭਰਪੂਰ) ਇਨਸਾਨ ਦੁਨਿਆਵੀ ਮੁਕਤੀ (ਜਿਹੜੀ ਮੁਕਤੀ ਲੋਕ ਮਰਨ ਤੋਂ ਬਾਅਦ ਸਮਝਦੇ ਹਨ) ਜਾਂ ਝੂਠੀ ਬਾਦਸ਼ਾਹਤ ਵਾਲਾ ਰਾਜ (ਜਿਸ ਵਿਚ ਲੋਕਾਂ ਨੂੰ ਇਨਸਾਫ਼ ਨਾ ਮਿਲਦਾ ਹੋਵੇ, ਇੱਕ ਸਮਾਨ ਲੋੜਾਂ ਪੂਰੀਆਂ ਨਾ ਹੁੰਦੀਆਂ ਹੋਣ) ਚਾਹੁੰਦੇ ਹੀ ਨਹੀਂ, ਕਿਉਂਕਿ ਉਹਨਾਂ ਅੰਦਰ ਸਿਰਫ ਗੁਣ ਹੀ ਹੁੰਦੇ ਹਨ। ਤਾਂ ਹੀ ਉਹ ਕਹਿੰਦੇ ਹਨ ਕਿ ਹੇ ਵਾਹਿਗੁਰੂ ਸਾਨੂੰ ਰਾਜ ਨਹੀਂ ਚਾਹੀਦਾ ਮੁਕਤੀ ਵੀ ਨਹੀਂ ਚਾਹੀਦੀ, ਬਸ ਤੇਰੇ ਚਰਨਾਂ ਦੀ 'ਪ੍ਰੀਤ' ਚਾਹੀਦੀ ਹੈ।

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ (ਪਾਵਨ ਅੰਗ ੫੩੪)**

ਆਉ ਅਰਦਾਸ ਕਰੀਏ, ਕਿ ਵਾਹਿਗੁਰੂ ਜੀ ਆਪਣੇ 'ਚਰਨਾਂ ਦੀ ਪ੍ਰੀਤ' ਬਖਸ਼ੇ।

**ਪ੍ਰੋ. ਗੁਰਪ੍ਰੀਤ ਸਿੰਘ, ਡਿਪਟੀ ਚੀਫ਼ ਆਰਗੇਨਾਈਜ਼ਰ (ਅਕਾਦਮਿਕ), ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ**

# ਭਗਤ ਕਬੀਰ ਜੀ

**ਪਰਮਜੀਤ ਸਿੰਘ 'ਸੁਚਿੰਤਨ'**
ਲੁਧਿਆਣਾ
ਮੋ. 97791-24500

(**ਪਿਛਲੇ ਅੰਕ ਦਾ ਬਾਕੀ**)

**ਸਿਕੰਦਰ ਲੋਧੀ :**

ਇੱਧਰ ਦਿੱਲੀ ਦੀ ਗੱਦੀ 'ਤੇ ਸਿਕੰਦਰ ਲੋਧੀ ਰਾਜ ਕਰਦਾ ਸੀ। ਸਿਕੰਦਰ ਲੋਧੀ ਬਹੁਤ ਤੁਅੱਸਬੀ ਕਿਸਮ ਦਾ ਬਾਦਸ਼ਾਹ ਸੀ, ਉਹ ਚਾਹੁੰਦਾ ਸੀ ਕਿ ਸਾਰੇ ਸੰਸਾਰ 'ਚ ਮੁਸਲਮਾਨਾਂ ਦਾ ਬੋਲਬਾਲਾ ਹੋਵੇ ਅਤੇ ਬਾਕੀ ਧਰਮਾਂ ਦੇ ਲੋਕ ਮੁਸਲਿਮ ਧਰਮ ਅਪਣਾਅ ਲੈਣ।

ਸੰਨ 1495 ਈ. ਦੀ ਗੱਲ ਹੈ, ਉਹਨਾਂ ਦਿਨਾਂ ਵਿਚ ਸਿਕੰਦਰ ਲੋਧੀ ਜੌਨਪੁਰ ਆਇਆ ਹੋਇਆ ਸੀ। ਇਸ ਨੇ ਜੌਨਪੁਰ ਤੋਂ ਅੱਗੇ ਸਾਸਾਰਾਮ ਜਾਣਾ ਸੀ। ਇਧਰ ਬਨਾਰਸ 'ਚ ਭਗਤ ਕਬੀਰ ਜੀ ਦੇ ਖ਼ਿਲਾਫ਼ ਇੱਕ ਬਹੁਤ ਵੱਡੀ ਸਭਾ ਹੋਈ, ਜਿਸ ਵਿਚ ਵੱਖ-ਵੱਖ ਧਰਮਾਂ ਦੇ ਲੋਕ ਸ਼ਾਮਲ ਸਨ। ਸਭ ਨੇ ਇਹ ਮਤਾ ਪਕਾਇਆ ਕਿ ਜੌਨਪੁਰ ਜਾ ਕੇ ਸਿਕੰਦਰ ਲੋਧੀ ਨੂੰ ਮਿਲਿਆ ਜਾਵੇ ਅਤੇ ਉਸ ਪਾਸ ਭਗਤ ਕਬੀਰ ਜੀ ਵਿਰੁੱਧ ਸ਼ਿਕਾਇਤ ਕੀਤੀ ਜਾਵੇ। ਇੰਜ ਹੀ ਹੋਇਆ, ਸਾਰਿਆਂ ਨੇ ਇਕੱਠੇ ਹੋ ਕੇ ਸਿਕੰਦਰ ਲੋਧੀ ਪਾਸ ਸਮੂਹਕ ਰੂਪ 'ਚ ਭਗਤ ਕਬੀਰ ਜੀ ਖ਼ਿਲਾਫ਼ ਸ਼ਿਕਾਇਤ ਕੀਤੀ। ਸਿਕੰਦਰ ਲੋਧੀ ਸਾਰਿਆਂ ਦੀ ਗੱਲ ਸੁਣ ਕੇ ਉਹਨਾਂ ਨੂੰ ਕਹਿਣ ਲੱਗਾ ਕਿ ਮੇਰੇ ਸਾਹਮਣੇ ਤਾਂ ਵੱਡੀਆਂ-ਵੱਡੀਆਂ ਹਸਤੀਆਂ ਸਿਰ ਝੁਕਾਉਂਦੀਆਂ ਹਨ, ਇਹ ਭਗਤ ਕਬੀਰ ਕੀ ਚੀਜ਼ ਹੈ? ਫਿਰ, ਉਸ ਨੇ ਸਾਰਿਆਂ ਨੂੰ ਭਰੋਸਾ ਦਿਵਾਇਆ ਕਿ ਸਾਸਾਰਾਮ ਜਾਣ ਲੱਗਿਆਂ, ਉਹ ਇੱਕ ਰਾਤ ਬਨਾਰਸ ਰੁੱਕ ਕੇ ਸਾਰੇ ਮਸਲੇ ਦੀ ਛਾਨਬੀਨ ਕਰੇਗਾ ਅਤੇ ਇਸ ਦਾ ਕੋਈ ਯੋਗ ਹੱਲ ਲੱਭੇਗਾ।

ਸਿਕੰਦਰ ਲੋਧੀ ਦੀ ਇਹ ਗੱਲ ਸੁਣ ਕੇ ਅਤੇ ਉਸ ਦੇ ਸਖ਼ਤ ਰੁੱਖ ਤੋਂ ਪ੍ਰਭਾਵਿਤ ਹੋ ਕੇ ਬਨਾਰਸ ਤੋਂ ਆਏ ਪੰਡਿਤਾਂ, ਮੌਲਵੀਆਂ ਅਤੇ ਅਖੌਤੀ ਉੱਚੀ ਜਾਤਾਂ ਦੇ ਹਿੰਦੂਆਂ ਤੇ ਮੁਸਲਮਾਨਾਂ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ।

ਇਸ ਸਾਰੀ ਵਾਰਤਾ ਦੌਰਾਨ, ਸਿਕੰਦਰ ਲੋਧੀ ਦਾ ਧਰਮ ਗੁਰੂ ਸ਼ੇਖ ਤਕੀ ਵੀ ਨਾਲ ਸੀ। ਸ਼ੇਖ ਤਕੀ ਇਕ ਸੂਫੀ ਫਕੀਰ ਸੀ ਅਤੇ ਅਧਿਆਤਮਕ ਮਾਰਗ ਦੀਆਂ ਬਾਰੀਕੀਆਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ।

ਸਿਕੰਦਰ ਲੋਧੀ ਨੇ ਭਗਤ ਕਬੀਰ ਜੀ ਬਾਰੇ ਸ਼ੇਖ ਤਕੀ ਨਾਲ ਵਿਚਾਰ-ਵਟਾਂਦਰਾ ਕੀਤਾ। ਸਿਕੰਦਰ ਲੋਧੀ ਕਹਿਣ ਲੱਗਾ ਕਿ ਕਬੀਰ ਇੱਕ ਜੁਲਾਹਾ ਹੈ, ਅਖੌਤੀ ਨੀਵੀਂ ਜਾਤ ਦਾ ਹੈ, ਫਿਰ ਇਸ ਵਿਚ ਇੰਨੀ ਹਿੰਮਤ ਕਿਥੋਂ ਆ ਗਈ ਕਿ ਬਨਾਰਸ ਦੇ ਲੋਕ ਇਸ ਤੋਂ ਪ੍ਰੇਸ਼ਾਨ ਹੋ ਗਏ ਹਨ।

ਸ਼ੇਖ ਤਕੀ ਕਹਿਣ ਲੱਗਾ ਕਿ ਜਹਾਂ ਪਨਾਹ! ਜਿਵੇਂ ਭਗਤ ਕਬੀਰ ਜੀ ਬਾਰੇ ਦੱਸਿਆ ਜਾ ਰਿਹਾ ਹੈ, ਇੰਜ ਜਾਪਦਾ ਹੈ ਕਿ ਭਗਤ ਕਬੀਰ ਜੀ ਬਹੁਤ ਵੱਡੇ ਵਿਦਵਾਨ, ਫ਼ਕੀਰ ਤੇ ਮਹਾਂਪੁਰਖ ਹਨ। ਅਸਲ 'ਚ ਸ਼ੇਖ ਤਕੀ ਨੂੰ ਅੰਦਾਜ਼ਾ ਹੋ ਗਿਆ ਸੀ ਕਿ ਭਗਤ ਕਬੀਰ ਜੀ ਇੱਕ ਸੱਚੇ ਸੰਤ ਹਨ। ਅੱਗੋਂ ਸਿਕੰਦਰ ਲੋਧੀ ਕਹਿਣ ਲੱਗਾ ਕਿ ਇੱਕ ਜੁਲਾਹੇ ਨੂੰ ਧਰਮ ਦੇ ਬਾਰੇ ਇੰਜ ਬੋਲਣ ਦਾ ਹੱਕ ਕਿਵੇਂ ਦਿੱਤਾ ਜਾ ਸਕਦਾ ਹੈ? ਜੇ ਨੀਵੀਂ ਜਾਤ ਦੇ ਲੋਕ ਇੰਜ ਧਰਮ ਦੀਆਂ ਗੱਲਾਂ ਕਰਨਗੇ ਤਾਂ ਸਮਾਜਿਕ ਵਿਵਸਥਾ ਕਿਵੇਂ ਚਲੇਗੀ? ਛੋਟੇ-ਵੱਡੇ 'ਚ ਕੋਈ ਫਰਕ ਹੀ ਨਹੀਂ ਰਹਿ ਜਾਇਗਾ। ਫਿਰ, ਜੇ ਹਰ ਕੋਈ ਧਰਮ ਦੀ ਗੱਲ ਕਰਨੀ ਸ਼ੁਰੂ ਕਰ ਦੇਵੇਗਾ ਤਾਂ ਪੰਡਿਤ ਤੇ ਮੌਲਵੀ ਕੀ ਕਰਨਗੇ। ਇਹ ਗੱਲ ਕਹਿ ਕੇ ਉਸ ਨੇ ਆਪਣੇ ਸਿਪਾਹੀਆਂ ਨੂੰ ਅਗਲੇ ਦਿਨ ਬਨਾਰਸ ਜਾਣ ਲਈ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ।

ਅਗਲੇ ਦਿਨ, ਸਿਕੰਦਰ ਲੋਧੀ ਸ਼ੇਖ ਤਕੀ ਨੂੰ ਨਾਲ ਲੈ ਕੇ ਆਪਣੇ ਸਿਪਾਹੀਆਂ ਸਹਿਤ ਬਨਾਰਸ ਪਹੁੰਚ ਗਿਆ। ਬਨਾਰਸ ਪਹੁੰਚ ਕੇ ਇਸ ਨੇ ਗੰਗਾ ਕਿਨਾਰੇ ਆਪਣਾ ਡੇਰਾ ਲਾ ਲਿਆ। ਬਨਾਰਸ 'ਚ ਖੁਸ਼ੀ ਦੀ ਲਹਿਰ ਦੌੜ ਗਈ। ਅਗਲੇ ਦਿਨ ਸਵੇਰੇ ਸਿਕੰਦਰ ਲੋਧੀ ਨੇ ਕੋਤਵਾਲ ਨੂੰ ਹੁਕਮ ਕੀਤਾ ਕਿ ਕਬੀਰ ਜੀ ਨੂੰ ਪਕੜ ਕੇ ਲਿਆਂਦਾ ਜਾਵੇ। ਕੋਤਵਾਲ ਭਗਤ ਕਬੀਰ ਜੀ ਦਾ ਪ੍ਰਸ਼ੰਸਕ ਸੀ ਅਤੇ ਭਗਤ ਕਬੀਰ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਜਦੋਂ ਕੋਤਵਾਲ ਭਗਤ ਕਬੀਰ ਜੀ ਨੂੰ ਪਕੜਨ ਲਈ ਉਹਨਾਂ ਦੀ ਕੁਟੀਆ 'ਚ ਪਹੁੰਚਿਆ ਤਾਂ ਉੱਥੇ ਵੱਡੀ ਗਿਣਤੀ 'ਚ ਸਤਿਸੰਗੀ ਮੌਜੂਦ ਸਨ ਤੇ ਭਜਨ-ਬੰਦਗੀ ਕਰ ਰਹੇ ਸਨ। ਕੋਤਵਾਲ ਨੇ ਭਗਤ ਕਬੀਰ ਜੀ ਪਾਸ ਜਾ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਸਿਕੰਦਰ ਲੋਧੀ ਨੇ ਆਪ ਜੀ ਨੂੰ ਦਰਬਾਰ 'ਚ ਹਾਜ਼ਰ ਹੋਣ ਲਈ ਕਿਹਾ ਹੈ।

ਭਗਤ ਕਬੀਰ ਜੀ ਕਹਿਣ ਲੱਗੇ ਕਿ ਬਾਦਸ਼ਾਹ ਦੇ ਦਰਬਾਰ 'ਚ ਸਾਡਾ ਕੀ ਕੰਮ? ਅਸੀਂ ਤਾਂ ਕੋਈ ਗਲਤ ਕੰਮ ਨਹੀਂ ਕਰਦੇ, ਕੱਪੜਾ ਬੁਣ ਕੇ, ਕਿਰਤ ਕਰਕੇ ਆਪਣੇ ਪੇਟ ਭਰਦੇ ਹਾਂ ਅਤੇ ਉਸ ਪਰਮਾਤਮਾ ਦੀ ਭਜਨ-ਬੰਦਗੀ ਕਰਦੇ ਹਾਂ। ਕੋਤਵਾਲ ਕਹਿਣ ਲੱਗਾ ਕਿ ਬਨਾਰਸ ਦੇ ਪੰਡਿਤਾਂ, ਮੌਲਵੀਆਂ ਅਤੇ ਕੁੱਝ ਹੋਰ ਲੋਕਾਂ ਨੇ ਆਪ ਜੀ ਖ਼ਿਲਾਫ਼ ਸਿਕੰਦਰ ਲੋਧੀ ਪਾਸ ਸ਼ਿਕਾਇਤ ਕੀਤੀ ਹੈ, ਇਸ ਲਈ ਬਾਦਸ਼ਾਹ ਨੇ ਤੁਹਾਨੂੰ ਆਪਣੇ ਦਰਬਾਰ 'ਚ ਪੇਸ਼ ਹੋਣ ਲਈ ਕਿਹਾ ਹੈ। ਇਹ ਗੱਲ ਸੁਣ ਕੇ ਭਗਤ ਕਬੀਰ ਜੀ ਕੋਤਵਾਲ ਦੇ ਨਾਲ ਜਾਣ ਲਈ ਤਿਆਰ ਹੋ ਗਏ। ਭਗਤ ਕਬੀਰ ਜੀ ਨਾਲ ਉਹਨਾਂ ਦੇ ਸਤਿਸੰਗੀ ਵੀ ਬਾਦਸ਼ਾਹ ਦੇ ਦਰਬਾਰ 'ਚ ਪਹੁੰਚ ਗਏ। ਸਿਕੰਦਰ ਲੋਧੀ ਨੇ ਕਾਜ਼ੀ ਨੂੰ ਪੁੱਛਿਆ ਕਿ ਇਹ ਭੀੜ ਕੈਸੀ ਹੈ? ਤਾਂ ਉੱਥੇ ਹਾਜ਼ਰ ਲੋਕਾਂ ਨੇ ਜੁਆਬ ਦਿੱਤਾ ਕਿ ਇਹ ਭਗਤ ਕਬੀਰ ਜੀ ਦੇ ਸਤਿਸੰਗੀ ਹਨ। ਭਗਤ ਕਬੀਰ ਜੀ ਸਿਕੰਦਰ ਲੋਧੀ ਦੇ ਸਾਹਮਣੇ ਜਾ ਕੇ ਖੜ੍ਹੇ ਹੋ ਗਏ। ਕਾਜ਼ੀ ਨੇ ਭਗਤ ਕਬੀਰ ਜੀ ਨੂੰ ਹੌਲੇ ਜਿਹੇ ਕਿਹਾ ਕਿ ਬਾਦਸ਼ਾਹ ਸਲਾਮਤ ਨੂੰ ਝੁੱਕ ਕੇ ਸਲਾਮ ਕਰੋ, ਤੁਹਾਨੂੰ ਮੁਆਫ਼ ਕਰ ਦੇਣਗੇ। ਪਰ, ਭਗਤ ਕਬੀਰ ਜੀ ਉਦਾਂ ਹੀ ਖੜ੍ਹੇ ਰਹੇ। ਕਾਜ਼ੀ ਨੇ ਫਿਰ ਤੋਂ ਭਗਤ ਕਬੀਰ ਜੀ ਨੂੰ ਬਾਦਸ਼ਾਹ ਨੂੰ ਸਲਾਮ ਕਰਨ ਲਈ ਕਿਹਾ ਤਾਂ ਭਗਤ ਕਬੀਰ ਜੀ ਕਹਿਣ ਲੱਗੇ ਕਿ ਕੌਣ ਬਾਦਸ਼ਾਹ... ਕਿਹੜਾ ਬਾਦਸ਼ਾਹ..., ਬਾਦਸ਼ਾਹ ਤਾਂ ਦੁਨੀਆ 'ਚ ਇੱਕ ਹੀ ਹੈ, ਉਹ ਪਰਮਾਤਮਾ...!! ਮੈਂ ਤਾਂ ਉਸ

ਪਰਮਾਤਮਾ ਨੂੰ ਸਲਾਮ ਕਰਦਾ ਹਾਂ, ਕਿਸੇ ਹੋਰ ਨੂੰ ਨਹੀਂ। ਉਹ ਪਰਮਾਤਮਾ ਤਾਂ ਇਨਾਂ ਬਲਵਾਨ ਹੈ ਕਿ ਇੱਕ ਪਲ ਵਿਚ ਰਾਜਾ ਨੂੰ ਰੰਕ ਤੇ ਰੰਕ ਨੂੰ ਰਾਜਾ ਬਣਾ ਦਿੰਦਾ ਹੈ। ਉਸ ਦੀ ਮਰਜ਼ੀ ਤੋਂ ਬਿਨਾਂ ਇੱਕ ਪੱਤਾ ਤੱਕ ਨਹੀਂ ਹਿਲਦਾ। ਮੈਂ ਤਾਂ ਉਸ ਪਰਮਾਤਮਾ ਨੂੰ ਸਲਾਮ ਕਰਦਾ ਹਾਂ।

ਭਗਤ ਕਬੀਰ ਜੀ ਅਤੇ ਕਾਜ਼ੀ ਦੀ ਇਹ ਸਾਰੀ ਵਾਰਤਾ ਸਿਕੰਦਰ ਲੋਧੀ ਨੂੰ ਸੁਣਾਈ ਨਹੀਂ ਸੀ ਦੇ ਰਹੀ। ਉਸ ਨੇ ਕਾਜ਼ੀ ਨੂੰ ਪੁੱਛਿਆ ਕਿ ਭਗਤ ਕਬੀਰ ਜੀ ਨਾਲ ਕੀ ਵਾਰਤਾ ਹੋ ਰਹੀ ਹੈ ਤਾਂ ਕਾਜ਼ੀ ਨੇ ਦੱਸਿਆ ਕਿ ਜਹਾਂ ਪਨਾਹ! ਭਗਤ ਕਬੀਰ ਜੀ ਆਪ ਜੀ ਨੂੰ ਸਲਾਮ ਕਰਨ ਤੋਂ ਮਨਾਂ ਕਰ ਰਹੇ ਹਨ। ਇਹ ਕਹਿੰਦੇ ਹਨ ਕਿ ਮੈਂ ਇੱਕ ਪਰਮਾਤਮਾ ਤੋਂ ਇਲਾਵਾ ਕਿਸੇ ਹੋਰ ਨੂੰ ਸਲਾਮ ਨਹੀਂ ਕਰਦਾ। ਇਹ ਗੱਲ ਸੁਣ ਕੇ ਸਿਕੰਦਰ ਲੋਧੀ ਦਾ ਗੁੱਸਾ ਸਤਵੇਂ ਅਸਮਾਨ 'ਤੇ ਪਹੁੰਚ ਗਿਆ। ਉਹ ਲੋਹਾ-ਲਾਖਾ ਹੋ ਕੇ ਭਗਤ ਕਬੀਰ ਜੀ ਨੂੰ ਕਹਿਣ ਲੱਗਾ ਕਿ ਕਬੀਰ! ਅੱਜ ਤੂੰ ਜਿਉਂਦਾ ਨਹੀਂ ਬਚੇਂਗਾ। ਦੇਖਦਾ ਹਾਂ ਕਿਹੜਾ ਪਰਮਾਤਮਾ ਤੈਨੂੰ ਬਚਾਉਂਦਾ ਹੈ।

ਸਿਕੰਦਰ ਲੋਧੀ ਨੇ ਭਗਤ ਕਬੀਰ ਜੀ ਨੂੰ ਜੰਜੀਰਾਂ ਨਾਲ ਬੰਨ੍ਹ ਕੇ ਗੰਗਾ ਨਦੀ ਵਿਚ ਸੁੱਟ ਕੇ ਮਾਰਨ ਦਾ ਹੁਕਮ ਦੇ ਦਿੱਤਾ। ਪਰ, ਭਗਤ ਕਬੀਰ ਜੀ ਸਿਕੰਦਰ ਲੋਧੀ ਦੇ ਡਰਾਵਿਆਂ ਤੋਂ ਜ਼ਰਾ ਵੀ ਨਾ ਡੋਲੇ। ਅਖੀਰ, ਭਗਤ ਕਬੀਰ ਜੀ ਨੂੰ ਮਾਰਨ ਲਈ ਉਹਨਾਂ ਨੂੰ ਜੰਜੀਰਾਂ ਨਾਲ ਬੰਨ੍ਹ ਕੇ ਗੰਗਾ ਨਦੀ ਵਿਚ ਸੁੱਟ ਦਿੱਤਾ ਗਿਆ। ਪਰ, ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਗੰਗਾ ਨਦੀ ਵਿਚੋਂ ਐਸੀ ਲਹਿਰ ਉੱਠੀ ਕਿ ਭਗਤ ਕਬੀਰ ਜੀ ਦੀਆਂ ਸਾਰੀਆਂ ਜੰਜੀਰਾਂ ਟੁੱਟ ਗਈਆਂ, ਦੇਖਣ ਵਾਲੇ ਸਾਰੇ ਹੈਰਾਨ ਸਨ, ਹਰ ਕਿਸੇ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਕਿ ਭਗਤ ਕਬੀਰ ਜੀ ਮ੍ਰਿਗਛਾਲਾ 'ਤੇ ਬਿਰਾਜਮਾਨ ਹੋਣ। ਭਗਤ ਕਬੀਰ ਜੀ ਨੇ ਆਪਣੀ ਬਾਣੀ 'ਚ ਇਸ ਘਟਨਾ ਨੂੰ ਇੰਜ ਬਿਆਨ ਕੀਤਾ ਹੈ :-

**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥**
**ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥**
**ਕਹਿ ਕੰਬੀਰ ਕੋਊ ਸੰਗ ਨ ਸਾਥ ॥**
**ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥** **(ਅੰਗ ੧੧੬੨)**

ਭਗਤ ਕਬੀਰ ਜੀ ਕਹਿੰਦੇ ਹਨ ਕਿ ਕੋਈ ਵੀ ਪਾਖੰਡ ਜਾਂ ਕਰਮ ਕਾਂਡ ਸੰਗੀ ਨਹੀਂ ਬਣ ਸਕਦੇ। ਇੱਕ ਪਰਮਾਤਮਾ ਹੀ ਹੈ, ਜਿਹੜਾ ਪਾਣੀ ਅਤੇ ਧਰਤੀ, ਹਰ ਥਾਂ 'ਤੇ ਸਭ ਦਾ ਰਖਵਾਲਾ ਹੈ।

ਫਿਰ, ਸਿਕੰਦਰ ਲੋਧੀ ਨੇ ਭਗਤ ਕਬੀਰ ਜੀ ਨੂੰ ਅੱਗ ਵਿਚ ਸਾੜ ਕੇ ਮਾਰਨ ਦਾ ਹੁਕਮ ਦੇ ਦਿੱਤਾ। ਭਗਤ ਕਬੀਰ ਜੀ ਇਥੋਂ ਵੀ ਬਚ ਗਏ। ਹੁਣ ਸਿਕੰਦਰ ਲੋਧੀ ਬਹੁਤ ਪ੍ਰੇਸ਼ਾਨ ਹੋ ਗਿਆ। ਇਸ ਵਾਰ, ਸਿਕੰਦਰ ਲੋਧੀ ਨੇ ਕਾਜ਼ੀਆਂ ਨਾਲ ਸਲਾਹ ਮਸ਼ਵਰਾ ਕਰਕੇ ਇੱਕ ਵਿਉਂਤ ਬਣਾਈ। ਇਸ ਵਿਉਂਤ ਅਨੁਸਾਰ ਇੱਕ ਮਸਤ ਤੇ ਪਾਗਲ ਹਾਥੀ ਨੂੰ ਖੂਬ ਸ਼ਰਾਬ ਪਿਲਾਈ ਗਈ। ਉਸ ਤੋਂ ਬਾਅਦ ਭਗਤ ਕਬੀਰ ਜੀ ਦੇ ਹੱਥ ਪੈਰ ਬੰਨ੍ਹ ਕੇ ਭਗਤ ਕਬੀਰ ਜੀ ਨੂੰ ਇਸ ਹਾਥੀ ਅੱਗੇ ਸੁੱਟ ਦਿੱਤਾ ਤਾਂ ਜੋ ਇਹ ਮਸਤ ਤੇ ਪਾਗਲ ਹਾਥੀ ਭਗਤ ਕਬੀਰ ਜੀ ਨੂੰ ਆਪਣੇ ਪੈਰਾਂ ਥੱਲੇ ਰੌਂਦ ਕੇ ਉਹਨਾਂ ਨੂੰ ਮਾਰ ਦੇਵੇ। ਕਾਜ਼ੀ ਨੇ ਹਾਥੀ ਦੇ ਮਹਾਵਤ ਨੂੰ ਹੁਕਮ ਕੀਤਾ ਕਿ ਉਹ ਹਾਥੀ ਨੂੰ ਕਬੀਰ ਜੀ ਉਪਰ ਚੜ੍ਹਾ ਕੇ ਕਬੀਰ ਜੀ ਨੂੰ ਮੌਤ ਦੇ ਘਾਟ ਉਤਾਰ ਦੇਵੇ।

ਮਹਾਵਤ ਨੇ ਪੂਰੀ ਕੋਸ਼ਿਸ਼ ਕੀਤੀ, ਪਰ, ਜਿਵੇਂ-ਜਿਵੇਂ ਉਹ ਹਾਥੀ ਨੂੰ ਭਗਤ ਕਬੀਰ ਜੀ ਦੇ ਨੇੜੇ ਲੈ ਜਾਣ ਦੀ ਕੋਸ਼ਿਸ਼ ਕਰਦਾ ਜਾਂ ਹਾਥੀ ਨੂੰ ਭਗਤ ਕਬੀਰ ਜੀ ਉਪਰ ਚੜ੍ਹਾਉਣ ਦੀ ਕੋਸ਼ਿਸ਼ ਕਰਦਾ, ਹਾਥੀ ਪਿੱਛੇ ਹੱਟ ਜਾਂਦਾ ਤੇ ਵਾਪਸ ਭੱਜ ਪੈਂਦਾ। ਅਖੀਰ, ਸਿਕੰਦਰ ਲੋਧੀ ਦੀ ਇਹ ਚਾਲ ਵੀ ਕਾਮਯਾਬ ਨਾ ਹੋਈ ਤੇ ਭਗਤ ਕਬੀਰ ਜੀ ਪਰਮਾਤਮਾ ਦੀ ਕਿਰਪਾ ਸਦਕਾ ਬਚ ਗਏ।

ਭਗਤ ਕਬੀਰ ਜੀ ਨੇ ਇਸ ਘਟਨਾ ਨੂੰ ਆਪਣੀ ਬਾਣੀ 'ਚ ਇੰਜ ਬਿਆਨ ਕੀਤਾ ਹੈ।

**ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥**
**ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥੧॥**
**ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥ ਕਾਜੀ ਬਕਿਬੋ ਹਸਤੀ ਤੋਰੁ ॥੧॥ ਰਹਾਉ ॥**
**ਰੇ ਮਹਾਵਤ ਤੁਝੁ ਡਾਰਉ ਕਾਟਿ ॥ ਇਸਹਿ ਤੁਰਾਵਹੁ ਘਾਲਹੁ ਸਾਟਿ ॥**
**ਹਸਤਿ ਨ ਤੋਰੈ ਧਰੈ ਧਿਆਨੁ ॥ ਵਾ ਕੈ ਰਿਦੈ ਬਸੈ ਭਗਵਾਨੁ ॥੨॥**
**ਕਿਆ ਅਪਰਾਧੁ ਸੰਤ ਹੈ ਕੀਨ੍ਹਾ ॥ ਬਾਂਧਿ ਪੋਟ ਕੁੰਚਰ ਕਉ ਦੀਨ੍ਹਾ ॥**
**ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥੩॥**
**ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨ ਕਠੋਰੁ ਅਜਹੂ ਨ ਪਤੀਨਾ ॥**
**ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥**
**(ਅੰਗ ੮੭੦-੭੧)**

ਭਾਵ ਅਰਥ : ਇਹਨਾਂ ਲੋਕਾਂ ਨੇ ਮੇਰੀਆਂ ਬਾਹਾਂ ਬੰਨ੍ਹ ਕੇ ਢੀਮ ਦੀ ਤਰ੍ਹਾਂ ਬਣਾ ਕੇ ਮੈਨੂੰ ਹਾਥੀ ਅੱਗੇ ਸੁੱਟ ਦਿੱਤਾ। ਮਹਾਵਤ ਨੇ ਗੁੱਸੇ ਵਿਚ ਆ ਕੇ ਹਾਥੀ ਦੇ ਸਿਰ 'ਤੇ ਕੁੰਡਾ ਮਾਰਿਆ। ਪਰ, ਹਾਥੀ ਮੈਨੂੰ ਪੈਰਾਂ ਹੇਠ ਲਿਤਾੜਨ ਦੀ ਥਾਂ ਚੀਕਾਂ ਮਾਰਦਾ ਹੋਇਆ ਹੋਰ ਪਾਸੇ ਭੱਜ ਜਾਂਦਾ ਹੈ। ਮੈਂ ਇਸ ਸੁਹਣੇ ਪਰਮਾਤਮਾ ਤੋਂ ਬਲਿਹਾਰ ਜਾਂਦਾ ਹਾਂ। ਹੇ ਪਰਮਾਤਮਾ! ਮੈਨੂੰ ਤੇਰਾ ਹੀ ਆਸਰਾ ਹੈ। ਕਾਜ਼ੀ ਤਾਂ ਮਹਾਵਤ ਨੂੰ ਵਾਰ-ਵਾਰ ਕਹਿ ਰਿਹਾ ਹੈ ਕਿ ਇਸ ਹਾਥੀ ਨੂੰ ਕਬੀਰ 'ਤੇ ਚੜ੍ਹਾਅ ਦੇ, ਨਹੀਂ ਤਾਂ ਮੈਂ ਤੇਰੇ ਸਰੀਰ ਦੇ ਟੋਟੇ-ਟੋਟੇ ਕਰਵਾ ਦਿਆਂਗਾ। ਇਸ ਹਾਥੀ ਨੂੰ ਸੱਟ ਮਾਰ ਤੇ ਕਬੀਰ ਵੱਲ ਤੋਰ। ਪਰ, ਇਹ ਹਾਥੀ ਤੁਰਦਾ ਨਹੀਂ, ਇੰਜ ਜਾਪਦਾ ਸੀ, ਜਿਵੇਂ ਕਿ ਇਹ ਹਾਥੀ ਪ੍ਰਭੂ ਚਰਨਾਂ 'ਚ ਧਿਆਨ ਲਾ ਲੈਂਦਾ ਹੈ ਅਤੇ ਪਰਮਾਤਮਾ ਆਪ ਇਸ ਦੇ ਹਿਰਦੇ 'ਚ ਵੱਸ ਰਿਹਾ ਹੈ। ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਮੈਂ ਕੀ ਪਾਪ ਕੀਤਾ ਹੈ, ਜੋ ਇਹਨਾਂ ਨੇ ਮੈਨੂੰ ਪੋਟਲੀ (ਗੱਠੜੀ) ਦੀ ਤਰ੍ਹਾਂ ਬੰਨ੍ਹ ਕੇ ਹਾਥੀ ਅੱਗੇ ਸੁੱਟ ਦਿੱਤਾ ਹੈ। ਹਾਥੀ ਤਾਂ ਮੇਰੇ ਸਰੀਰ ਦੀ ਬਣੀ ਗਠੜੀ ਅੱਗੇ ਵਾਰ-ਵਾਰ ਸਿਰ ਨਿਵਾ ਰਿਹਾ ਹੈ, ਪਰ, ਕਾਜ਼ੀ ਤੁਅੱਸਬ ਦੇ ਹਨੇਰੇ 'ਚ ਸਮਝ ਨਹੀਂ ਸਕਿਆ। ਕਾਜ਼ੀ ਨੇ ਹਾਥੀ ਨੂੰ ਮੇਰੇ ਉਪਰ ਚੜ੍ਹਵਾਉਣ ਦੀ ਤਿੰਨ ਵਾਰ ਕੋਸ਼ਿਸ਼ ਕੀਤੀ। ਪਰ, ਉਸ ਦਾ ਮਨ ਕਠੋਰ ਹੋਣ ਕਾਰਨ, ਉਸ ਦੀ ਤਸੱਲੀ ਨਾ ਹੋਈ। ਭਗਤ ਕਬੀਰ ਜੀ ਕਹਿੰਦੇ ਹਨ ਕਿ ਕਾਜ਼ੀ ਨੂੰ ਇਹ ਸਮਝ ਨਹੀਂ ਆਈ ਕਿ ਸਾਡਾ ਰਾਖਾ ਤਾਂ ਉਹ ਆਪ ਪਰਮਾਤਮਾ ਹੈ। ਪਰਮਾਤਮਾ ਦੇ ਭਗਤਾਂ ਦੀ ਜਿੰਦ-ਜਾਨ ਪ੍ਰਭੂ ਚਰਨਾਂ ਵਿਚ ਟਿਕੀ ਰਹਿੰਦੀ ਹੈ। ਅਖੀਰ, ਸ਼ੇਖ ਤਕੀ ਨੇ ਸਿਕੰਦਰ ਲੋਧੀ ਨੂੰ ਕਿਹਾ ਕਿ ਜਹਾਂਪਨਾਹ! ਭਗਤ ਕਬੀਰ ਜੀ ਬਹੁਤ ਪਹੁੰਚੇ ਹੋਏ ਫਕੀਰ ਹਨ। ਭਗਤ ਕਬੀਰ ਜੀ 'ਤੇ ਉਸ ਅੱਲ੍ਹਾ ਦੀ ਰਹਿਮਤ ਹੈ। ਤੁਸੀਂ ਇਨ੍ਹਾਂ ਦਾ ਕੁੱਝ ਨਹੀਂ ਵਿਗਾੜ ਸਕਦੇ। ਇਸ ਲਈ ਚੰਗਾ ਹੋਵੇਗਾ, ਜੇ ਤੁਸੀਂ ਭਗਤ ਕਬੀਰ ਜੀ ਪਾਸੋਂ ਆਪਣੀਆਂ ਭੁਲਾਂ ਬਖ਼ਸ਼ਵਾ ਲਉ।

ਸਿਕੰਦਰ ਲੋਧੀ ਡਰ ਨਾਲ ਕੰਬਣ ਲੱਗ ਪਿਆ, ਫਿਰ ਇਹ ਸਿੰਘਾਸਨ ਤੋਂ ਉੱਠਿਆ ਅਤੇ ਭਗਤ ਕਬੀਰ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਲੱਗਾ ਮੁਆਫ਼ੀ

ਮੰਗਣ। ਭਗਤ ਕਬੀਰ ਜੀ ਨੇ ਦਿਆਲਤਾ ਦੇ ਘਰ 'ਚ ਆ ਕੇ ਸਿਕੰਦਰ ਲੋਧੀ ਨੂੰ ਮੁਆਫ਼ ਕਰ ਦਿੱਤਾ। ਸਿਕੰਦਰ ਲੋਧੀ ਨੇ ਖੁਸ਼ ਹੋ ਕੇ ਭਗਤ ਕਬੀਰ ਜੀ ਨੂੰ ਜ਼ਮੀਨ, ਸੋਨਾ-ਚਾਂਦੀ ਆਦਿ ਦੇਣ ਦੀ ਪੇਸ਼ਕਸ ਕੀਤੀ। ਪਰ, ਭਗਤ ਕਬੀਰ ਜੀ ਨੇ ਇਹ ਕਹਿ ਕੇ ਕਿ ਇਹ ਸਭ ਕੁੱਝ ਨਾਸਵਾਨ ਹੈ, ਥਿਰ ਨਹੀਂ ਹੈ, ਲੈਣ ਤੋਂ ਮਨਾਂ ਕਰ ਦਿੱਤਾ। ਫਿਰ, ਭਗਤ ਕਬੀਰ ਜੀ ਨੇ ਕਿਹਾ ਕਿ ਪਰਮਾਤਮਾ ਦੀ ਭਜਨ-ਬੰਦਗੀ ਤੋਂ ਵੱਡਾ ਇਸ ਸੰਸਾਰ ਵਿਚ ਕੁਝ ਵੀ ਨਹੀਂ। ਮੈਨੂੰ ਮੇਰੇ ਪਰਮਾਤਮਾ ਨੇ ਸਭ ਕੁਝ ਦਿੱਤਾ ਹੋਇਆ ਹੈ, ਇਸ ਲਈ ਮੈਨੂੰ ਤੁਹਾਡੇ ਤੋਂ ਕੁਝ ਨਹੀਂ ਚਾਹੀਦਾ। ਇਹ ਕਹਿ ਕੇ ਭਗਤ ਕਬੀਰ ਜੀ ਆਪਣੇ ਸਤਿਸੰਗੀਆਂ ਨਾਲ ਵਾਪਸ ਆਪਣੇ ਘਰ ਆ ਗਏ।

**ਵਿਰੋਧੀਆਂ ਦੀਆਂ ਹੋਰ ਚਾਲਾਂ :**

ਸਿਕੰਦਰ ਲੋਧੀ ਭਗਤ ਕਬੀਰ ਜੀ ਪਾਸੋਂ ਹਾਰ ਮੰਨ ਕੇ ਬਨਾਰਸ ਤੋਂ ਵਾਪਸ ਚਲਾ ਗਿਆ ਤਾਂ ਪੰਡਿਤਾਂ, ਮੌਲਵੀਆਂ ਅਤੇ ਹੋਰ ਅਖੌਤੀ ਉੱਚ ਜਾਤਾਂ ਦੇ ਲੋਕਾਂ ਨੇ ਮਿਲ ਕੇ ਇਹ ਮਤਾ ਪਕਾਇਆ ਕਿ ਉਹ ਭਗਤ ਕਬੀਰ ਜੀ ਨੂੰ ਬਨਾਰਸ 'ਚ ਚੈਨ ਨਾਲ ਨਹੀਂ ਜਿਉਣ ਦੇਣਗੇ। ਇਹਨਾਂ ਸਾਰਿਆਂ ਨੇ ਭਗਤ ਕਬੀਰ ਜੀ ਖ਼ਿਲਾਫ਼ ਇੱਕ ਸਾਜਿਸ਼ ਰਚ ਕੇ ਭਗਤ ਕਬੀਰ ਜੀ ਦੇ ਆਚਰਨ ਅਤੇ ਚਰਿੱਤਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਰ, ਇਹ ਆਪਣੀਆਂ ਕੋਝੀਆਂ ਚਾਲਾਂ 'ਚ ਸਫ਼ਲ ਨਾ ਹੋ ਸਕੇ।

ਆਪਣੇ ਸਾਰੇ ਮਨਸੂਬਿਆਂ 'ਚ ਅਸਫ਼ਲ ਹੋਣ ਤੋਂ ਬਾਅਦ ਇਹਨਾਂ ਨੇ ਇੱਕ ਹੋਰ ਚਾਲ ਚੱਲੀ। ਇਹਨਾਂ ਨੇ ਕੁਝ ਵਿਅਕਤੀਆਂ ਦੀ ਇਹ ਡਿਊਟੀ ਲਗਾਈ ਕਿ ਉਹ ਭਗਤ ਕਬੀਰ ਜੀ ਦੇ ਸਤਿਸੰਗੀਆਂ ਦਾ ਭੇਸ ਬਣਾ ਕੇ ਵੱਖ-ਵੱਖ ਇਲਾਕਿਆਂ 'ਚ ਜਾ ਕੇ ਸਾਰਿਆਂ ਨੂੰ ਇਹ ਸੱਦਾ ਦੇ ਕੇ ਆਉਣ ਕਿ ਸਿਕੰਦਰ ਲੋਧੀ ਭਗਤ ਕਬੀਰ ਜੀ ਨੂੰ ਬਹੁਤ ਸਾਰਾ ਧਨ ਦੇ ਗਿਆ ਹੈ, ਇਸੇ ਖੁਸ਼ੀ 'ਚ ਭਗਤ ਕਬੀਰ ਜੀ ਨੇ ਬਸੰਤ ਪੰਚਮੀ ਵਾਲੇ ਦਿਨ ਬਹੁਤ ਵੱਡੇ ਭੰਡਾਰੇ ਦਾ ਪ੍ਰਬੰਧ ਕੀਤਾ ਹੈ। ਵੱਧ ਤੋਂ ਵੱਧ ਲੋਕ ਬਸੰਤ ਪੰਚਮੀ ਵਾਲੇ ਦਿਨ ਭਗਤ ਕਬੀਰ ਜੀ ਦੀ ਕੁਟੀਆ 'ਚ ਆਉਣ, ਉਹਨਾਂ ਨੂੰ ਛਤੀਹ ਤਰ੍ਹਾਂ ਦੇ ਭੋਜਨ ਛਕਾਏ ਜਾਣਗੇ। ਭਗਤ ਕਬੀਰ ਜੀ ਨੂੰ ਇਸ ਸਾਰੀ ਸਾਜਿਸ਼ ਬਾਰੇ ਪਤਾ ਨਾ ਲੱਗਾ। ਅਖੀਰ, ਬਸੰਤ ਪੰਚਮੀ ਵਾਲਾ ਦਿਨ ਆਇਆ। ਭਗਤ ਕਬੀਰ ਜੀ ਲੋਕਾਂ ਦੀ ਭੀੜ ਦੇਖ ਕੇ ਹੈਰਾਨ ਸਨ। ਜਦੋਂ ਸਾਰੀ ਗੱਲ ਦਾ ਪਤਾ ਲੱਗਾ ਤਾਂ ਭਗਤ ਕਬੀਰ ਜੀ ਨੇ ਪਰਮਾਤਮਾ ਦੇ ਚਰਨਾਂ 'ਚ ਅਰਦਾਸ ਕੀਤੀ ਕਿ ਇਸ ਮੌਕੇ 'ਤੇ ਲਾਜ ਰੱਖ ਲਓ। ਕਹਿੰਦੇ ਹਨ ਕਿ ਉਸ ਦਿਨ ਪਰਮਾਤਮਾ ਦੀ ਕਿਰਪਾ ਸਦਕਾ ਬਹੁਤ ਸਾਰੇ ਪਰਿਵਾਰਾਂ ਨੇ ਛਤੀਹ ਤਰ੍ਹਾਂ ਦੇ ਭੋਜਨ ਤਿਆਰ ਕਰਕੇ ਕਬੀਰ ਚੌਰਾ ਵਿਖੇ ਪਹੁੰਚਾ ਦਿੱਤੇ। ਇੰਜ ਭਗਤ ਕਬੀਰ ਜੀ ਦੀ ਲਾਜ ਰੱਖੀ ਗਈ ਅਤੇ ਭਗਤ ਕਬੀਰ ਜੀ ਦੇ ਵਿਰੋਧੀਆਂ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ।

**ਭਗਤ ਕਬੀਰ ਤੇ ਗੁਰੂ ਨਾਨਕ ਦੇਵ ਜੀ ਦਾ ਮਿਲਾਪ :**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਪ੍ਰਚਾਰ ਯਾਤਰਾ ਦੌਰਾਨ ਫਰਵਰੀ ਸੰਨ 1509 ਈ: 'ਚ ਸ਼ਿਵਰਾਤਰੀ ਤੋਂ ਕੁੱਝ ਦਿਨ ਪਹਿਲਾਂ ਬਨਾਰਸ ਪਹੁੰਚੇ। ਬਨਾਰਸ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਭਗਤ ਕਬੀਰ ਜੀ ਦੇ ਗ੍ਰਿਹ ਵਿਖੇ ਵੀ ਗਏ ਅਤੇ ਉਥੇ ਸਤਿਸੰਗ ਕੀਤਾ। ਅਗਲੇ ਦਿਨ ਭਗਤ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਹੋਰ ਸਤਿਸੰਗੀਆਂ ਦੇ ਨਾਲ ਭਗਤ ਰਵਿਦਾਸ ਜੀ ਨੂੰ ਮਿਲਣ ਉਹਨਾਂ ਦੇ ਗ੍ਰਿਹ ਵਿਖੇ ਗਏ ਅਤੇ ਉੱਥੇ ਸਤਿਸੰਗ ਕਰਕੇ ਸਭ ਨੂੰ ਨਿਹਾਲ ਕੀਤਾ। ਉਦੋਂ ਗੁਰੂ ਨਾਨਕ ਦੇਵ ਜੀ ਦੀ ਦੁਨੀਆਵੀ ਉਮਰ ਲਗਭਗ 40 ਸਾਲ ਸੀ, ਭਗਤ ਕਬੀਰ ਜੀ ਦੀ 111 ਸਾਲ ਅਤੇ ਭਗਤ ਰਵਿਦਾਸ ਜੀ ਦੀ 132 ਸਾਲ ਸੀ। ਇਥੇ ਹੀ ਗੁਰੂ ਨਾਨਕ ਦੇਵ ਜੀ ਨੇ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਹੋਰ ਭਗਤਾਂ ਦੀ ਬਾਣੀ ਦਾ ਉਤਾਰਾ ਕਰਕੇ ਸਾਂਭ ਲਿਆ ਸੀ ਜਿਸ ਨੂੰ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਕੀਤਾ।

**ਬਾਕੀ ਅਗਲੇ ਅੰਕ 'ਚ.....**

**ਪੁੰਗਦੇ ਕਵੀ**

# ਅਧਿਆਪਕ

ਅਧਿਆਪਕ ਜਿਉਂ ਮੋਮਬੱਤੀ ਦੀਆਂ ਕਿਰਨਾਂ।
ਗਿਆਨ ਵੰਡਣ ਲਈ ਇਹ ਦਾ ਫਿਰਨਾਂ।
 ਅਧਿਆਪਕ ਜਿਵੇਂ ਬਾਗ਼ ਦਾ ਮਾਲੀ।
 ਬੂਟਿਆਂ ਨੂੰ ਸੰਭਾਲ ਕੇ, ਕਰਦਾ ਰਖਵਾਲੀ।
ਅਧਿਆਪਕ ਬੜਾ ਹੀ ਲਾਡ ਲਡਾਉਂਦਾ।
ਬੱਚਿਆਂ ਨੂੰ ਪਿਆਰ ਨਾਲ ਸਮਝਾਉਂਦਾ।
 ਅਧਿਆਪਕ ਨੂੰ ਬੱਚੇ ਜੀ-ਜੀ ਕਰਦੇ।
 ਅਧਿਆਪਕ ਦਾ ਪੂਰਾ ਸਤਿਕਾਰ ਨੇ ਕਰਦੇ।
ਅਧਿਆਪਕ ਬੱਚਿਆਂ ਨੂੰ ਦਿਨ-ਰਾਤ ਦੱਸਦਾ।
ਬੱਚਿਆਂ ਦੇ ਦਿਲਾਂ 'ਚ, ਉਹ ਅਧਿਆਪਕ ਵੱਸਦਾ।
 ਅਧਿਆਪਕ ਬੱਚਿਆਂ 'ਤੇ ਆਪਣੀ ਛਾਪ ਹੈ ਛੱਡਦਾ।
 ਪੜ੍ਹਾਈ ਦੇ ਵਿਸ਼ਿਆਂ 'ਤੇ ਪਕੜ ਪੂਰੀ ਹੈ ਰੱਖਦਾ।
ਅਧਿਆਪਕ ਸਭ ਦੇ ਅੰਦਰ ਜੋਤ ਜਗਾਉਂਦਾ।
ਬੱਚਾ ਕੋਈ ਜੋਤ ਜਗਦੀ ਰੱਖੇ, ਕੋਈ ਹੈ ਬੁਝਾਉਂਦਾ।
 ਅਧਿਆਪਕ ਸਦਾ ਹੀ ਸਿੱਖਦਾ ਰਹਿੰਦਾ।
 ਸਿੱਖਿਆ ਦਾ ਪਰਿਵਹਨ ਨਿਰੰਤਰ ਚਲਦਾ ਰਹਿੰਦਾ।
ਅਧਿਆਪਕ ਸਭ ਦੀ ਤਰੱਕੀ ਚਾਹੁੰਦਾ।
ਇਸੇ ਲਈ 'ਹਰਜੀਤ ਝੋਰੜਾਂ', ਜਮਾਤ 'ਚ ਦੱਬ ਕੇ ਪੜ੍ਹਾਉਂਦਾ।

**ਹਰਜੀਤ ਸਿੰਘ ਝੋਰੜਾਂ**
ਪਿੰਡ ਝੋਰੜਾਂ, ਤਹਿ. ਰਾਏਕੋਟ (ਲੁਧਿ:)
ਮੋ. 98726-85890

ਸਮਕਾਲੀ ਵਿਚਾਰ-ਚਰਚਾ

# ਪਗੜੀ ਸੰਭਾਲ ਸਿੱਖਾ

**ਸ਼ਕਾਡਨ ਲੀਡਰ ਬਲਵੰਤ ਸਿੰਘ, ਬਠਿੰਡਾ**
ਸਰਪ੍ਰਸਤ
ਫਰੀਦਕੋਟ-ਸ੍ਰੀ ਮੁਕਤਸਰ ਸਾਹਿਬ-ਬਠਿੰਡਾ ਜ਼ੋਨ
ਮੋ. 84375-76920,

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ। ਲੁੱਟ ਗਿਆ ਮਾਲ ਤੇਰਾ, ਲੁਟ ਗਿਆ ਮਾਲ ਓਏ। ਇਸ ਗੀਤ ਰਾਹੀਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਚਾਚਾ ਜੀ ਸ੍ਰ. ਅਜੀਤ ਸਿੰਘ ਨੇ ਭਾਰਤ ਦੀ ਆਮ ਜੰਤਾ ਨੂੰ ਫਰੰਗੀਆਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਵਿਰੁਧ ਜਗਾਉਣ ਲਈ ਕ੍ਰਾਂਤੀਕਾਰੀ ਆਵਾਜ਼ ਮਾਰੀ ਸੀ। ਪਰ ਅਸੀਂ ਗੁਲਾਮ ਸੀ ਜਿਸ ਕਰਕੇ ਉਹਨਾਂ ਨੂੰ ਕੈਦ ਕਰ ਲਿਆ ਗਿਆ ਸੀ। ਹੁਣ ਬੇਸ਼ੱਕ ਕਹਿਣ ਨੂੰ ਅਸੀਂ ਅਜ਼ਾਦ ਹਾਂ ਪਰ ਉਹ ਅਜ਼ਾਦੀ ਦੇ ਅਸੀਂ ਕਾਬਲ/ਹੱਕਦਾਰ ਨਹੀਂ ਹਾਂ। ਹੁਣ ਇਸੇ ਗੀਤ ਨੂੰ ਮੈਂ ਇਸ ਤਰ੍ਹਾਂ ਬਦਲ ਰਿਹਾ ਹਾਂ "ਪਗੜੀ (ਦਸਤਾਰ) ਸੰਭਾਲ ਸਿੱਖਾ, ਪਗੜੀ (ਦਸਤਾਰ) ਸੰਭਾਲ ਸਿੱਖਾ। ਲੁੱਟ ਗਿਆ ਸਿਧਾਂਤ ਤੇਰਾ ਓਏ, ਲੁੱਟ ਗਿਆ ਸਿਧਾਂਤ ਓਏ। ਅੱਜ ਸਿੱਖੀ ਸਿਧਾਂਤਾਂ ਵਿਚ ਜ਼ਬਰਦਸਤ ਘੁੱਸ ਪੈਠ ਕੀਤੀ ਜਾ ਰਹੀ ਹੈ। ਜਿਸ ਕਰਕੇ ਸਾਡੇ ਸਾਰੇ ਹੀ ਸਿਧਾਂਤ ਅਸਲੀਅਤ ਤੋਂ ਮੱਧਮ ਹੁੰਦੇ ਜਾ ਰਹੇ ਹਨ। ਮੈਂ ਇਹ ਜ਼ਰੂਰ ਲਿਖਣਾ ਚਾਹਾਂਗਾ ਕਿ ਜਦੋਂ ਘਰ ਵਾਲੇ ਸੌਂ ਜਾਣ ਤਾਂ ਚੋਰਾਂ ਦਾ ਘਰ ਅੰਦਰ ਘੁਸਕੇ ਚੋਰੀ ਕਰਨਾ ਸੁਭਾਵਿਕ ਹੀ ਬਣ ਜਾਂਦਾ ਹੈ। ਪਰ ਅਫਸੋਸ ਇਹ ਚੋਰ ਵੀ ਉਹਨਾਂ ਲੋਕਾਂ ਨੇ ਸਾਡੇ ਵਿਚੋਂ ਹੀ ਖੜ੍ਹੇ ਕਰ ਦਿੱਤੇ ਹਨ। ਅੱਜ ਗੁਰੂ ਨੇ ਸਾਨੂੰ ਸੁੱਖ ਇਤਨੇ ਬਖ਼ਸ਼ ਦਿਤੇ ਹਨ ਕਿ ਅਸੀਂ ਗੁਰੂ ਨੂੰ ਭੁਲਕੇ ਆਪਣੀ ਮਨ ਮਰਜ਼ੀ ਦੇ ਸਿਧਾਂਤ ਅਤੇ ਮਰਿਯਾਦਾ ਬਣਾਈ ਜਾ ਰਹੇ ਹਾਂ। ਸਿਆਣੇ ਕਹਿੰਦੇ ਹਨ ਕਿ ਕਿਸੇ ਕੌਮ ਨੂੰ ਖ਼ਤਮ ਕਰਨਾ ਹੋਵੇ ਤਾਂ ਉਸ ਦਾ ਇਤਿਹਾਸ, ਸਿਧਾਂਤ ਅਤੇ ਬੋਲੀ ਵਿਗਾੜ ਦਿਉ, ਉਹ ਕੌਮ ਆਪਣੇ ਆਪ ਖ਼ਤਮ ਹੋ ਜਾਵੇਗੀ। ਸਾਡੇ ਨਾਲ ਇਹ ਸਭ ਕੁਝ ਹਰ ਰੋਜ਼ ਵਾਪਰ ਰਿਹਾ ਹੈ। ਇਹ ਸਭ ਕੁਝ ਕਰਵਾਇਆ ਵੀ ਸਾਡੇ ਆਪਣਿਆਂ ਦੇ ਰਾਹੀਂ ਹੀ ਜਾ ਰਿਹਾ ਹੈ। **"ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥"** (ਅੰਗ 1378) ਇਹ ਤੁੱਕ ਆਮ ਤੌਰ 'ਤੇ ਅਸੀਂ ਸਮਝਦੇ ਹਾਂ ਕਿ ਮਿੱਟੀ ਨੂੰ ਨਿੰਦਨਾ ਨਹੀਂ ਚਾਹੀਦਾ। ਇਹ ਜਿਉਂਦਿਆਂ ਪੈਰਾਂ ਥਲੇ ਰਹਿੰਦੀ ਹੈ ਅਤੇ ਜਦੋਂ ਮੁਸਲਮਾਨ ਮਰ ਜਾਂਦਾ ਹੈ ਤਾਂ ਉਸ ਨੂੰ ਕਬਰ ਵਿਚ ਪਾਕੇ ਉਸ ਦੇ ਉਪਰ ਪਾ ਦਿਤੀ ਜਾਂਦੀ ਹੈ। ਇਹ ਤਾਂ ਫੇਰ ਇਕੱਲੇ ਮੁਸਲਮਾਨ ਲਈ ਹੋਈ। ਪਰ ਗੁਰੂ ਸਾਹਿਬ ਨੇ ਜੋ ਵੀ ਬਾਣੀ ਵਿਚ ਦਰਜ਼ ਕੀਤਾ ਹੈ, ਉਹ ਸਾਡੇ ਸਾਰਿਆਂ ਲਈ ਸਾਂਝਾ ਕਿਹਾ ਹੈ। **"ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ"** (ਅੰਗ 647); ਇਹਨਾਂ ਤੁਕਾਂ ਨੂੰ ਥੋੜ੍ਹਾ ਅਨੁਭਵੀ ਹੋ ਕੇ ਸੋਚੀਏ ਤਾਂ ਪਤਾ ਚੱਲੇਗਾ ਕਿ ਸਿਧਾਂਤ ਨੂੰ ਨਿੰਦਨਾ ਨਹੀਂ ਚਾਹੀਦਾ। ਜਿਤਨੀ ਦੇਰ ਸਾਡੀ ਹਉਮੈ ਹੈ ਤਾਂ ਇਹ ਸਾਡੀ ਸਮਝ ਤੋਂ ਬਾਹਰ ਹੈ ਅਤੇ ਜਦੋਂ ਹਉਮੈ ਖ਼ਤਮ ਹੋ ਜਾਵੇਗੀ ਤਾਂ ਸਿਧਾਂਤ ਸਹੀ ਲਗਣਗੇ ਅਤੇ ਇਹਨਾਂ ਦਾ ਬੋਲ ਬਾਲਾ ਹੋਵੇਗਾ। ਅੱਜ ਹਰ ਜਗ੍ਹਾ ਹਉਮੈ ਦੇ ਕਾਰਣ ਸਿਧਾਂਤਾਂ ਨੂੰ ਪੈਰ੍ਹਾਂ ਥੱਲੇ ਰੋਲਿਆ ਜਾ ਰਿਹਾ ਹੈ। ਅੱਜ ਗੁਰਦਵਾਰੇ ਵੀ ਵਪਾਰ ਕੇਂਦਰ ਬਣ ਕੇ ਰਹਿ ਗਏ ਹਨ। ਮੈਰਿਜ਼ ਪੈਲੇਸਾਂ ਵਾਲੇ ਸਾਰੇ ਕੰਮ ਇਥੇ ਹੋਣ ਲੱਗ ਪਏ ਹਨ। ਦੇਖਣ ਨੂੰ ਲੰਗਰ ਹਾਲ ਲਿਖਿਆ ਮਿਲੇਗਾ। ਪਰ ਕੀ ਸਿੱਖੀ ਸਿਧਾਂਤ ਦੇ ਮੁਤਾਬਿਕ ਲੰਗਰ ਹਾਲ ਵਿਚ ਜੁੱਤੇ ਪਹਿਨ ਕੇ, ਖੜ੍ਹੇ ਹੋ ਕੇ ਸਿਗਰਟਾਂ ਬੀੜੀਆਂ ਪੀਣ ਵਾਲਿਆਂ ਤੰਮਾਕੂ ਖਾਣ ਵਾਲਿਆਂ ਦੇ ਹੱਥੋਂ ਬਣਿਆ ਖਾਣਾ, ਜਿਸ ਨੂੰ ਲੰਗਰ ਦਾ ਨਾਂ ਦਿੱਤਾ ਜਾਂਦਾ ਹੈ ਠੀਕ ਹੈ। ਉਥੇ ਤਾਂ ਬਿਨਾਂ ਕਿਸੇ ਜਾਤ ਪਾਤ, ਧਰਮ ਜਾਂ ਉਚ ਨੀਚ ਦੇ ਵਿਤਕਰੇ ਤੋਂ ਪੰਗਤ ਵਿਚ ਬੈਠਕੇ ਛਕਣਾ ਹੀ ਸੋਭਦਾ ਹੈ। ਇਹ ਅਕਾਲ ਪੁਰਖ ਦੀ ਰਹਿਮਤ ਅਤੇ ਬਖ਼ਸ਼ਿਸ ਹੈ ਕਿ ਇਨਸਾਨ ਹੀ ਥੱਲੇ ਬੈਠਕੇ ਛੱਕ ਸਕਦਾ ਹੈ। ਕੋਈ ਪਸ਼ੂ ਥੱਲੇ ਬੈਠਕੇ ਖਾਂਦਾ ਅੱਜ ਤੱਕ ਮੈਂ ਨਹੀਂ ਦੇਖਿਆ। ਉਹਨਾਂ ਨੂੰ ਖੜ੍ਹੇ ਹੋਕੇ ਹੀ ਖਾਣਾ ਪੈਂਦਾ ਹੈ। ਫੇਰ ਅਸੀਂ ਕਿਉਂ ਅਜਿਹੇ ਕੰਮ ਕਰਕੇ ਪਸ਼ੂਆਂ ਵਿਚ ਮਿਲਣਾ ਚਾਹੁੰਦੇ ਹਾਂ। ਕਿਹਾ ਜਾਂਦਾ ਹੈ ਕਿ ਅੱਜ ਅੰਮ੍ਰਿਤਧਾਰੀ ਲੰਗਰ ਬਨਾਉਣ ਵਾਲੇ ਸੇਵਾਦਾਰਾਂ ਦੀ ਕਮੀ ਹੈ ਜੋ ਕਿ ਅਸਲੀਅਤ ਨਹੀਂ ਹੈ। ਪਰ ਜੇ ਕਮੀ ਹੈ ਤਾਂ ਸਾਡੇ ਵਲੋਂ ਉਹਨਾਂ ਨੂੰ ਲੱਭਣ ਦੀ ਹੈ। ਫੇਰ ਗੁਰੂ ਅਮਰਦਾਸ ਜੀ ਦੀ ਦਿੱਤੀ ਮਰਿਆਦਾ **"ਪਹਿਲੇ ਪੰਗਤਿ ਪਾਛੈ ਸੰਗਤਿ"** ਦੇ ਸਿਧਾਂਤ ਮੁਤਾਬਿਕ ਭਾਰਤ ਦਾ ਰਾਜਾ ਅਕਬਰ ਵੀ ਪੰਗਤ ਵਿਚ ਬੈਠ ਕੇ ਲੰਗਰ ਛੱਕ ਕੇ ਖੁਸ਼ ਹੋਇਆ ਸੀ।

ਹੁਣ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਵੀ ਦੀ ਹੱਦ ਹੀ ਕਰ ਦਿੱਤੀ ਹੈ, ਕਨੇਡਾ ਦੇ ਸ਼ਹਿਰ ਸ਼ਾਇਦ ਬਰੰਪਟਨ ਵਿਚ ਜਦੋਂ ਲੜਕਾ ਅਤੇ ਲੜਕੀ ਨੂੰ 4 ਜੁਲਾਈ, 2019 ਨੂੰ ਆਨੰਦ ਕਾਰਜ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਕੁਰਸੀਆਂ 'ਤੇ ਬਿਠਾ ਦਿੱਤਾ ਗਿਆ।

ਜਦੋਂ ਕਦੀ ਘਰ ਵਿਆਹ ਸ਼ਾਦੀ ਦਾ ਮੌਕਾ ਬਣਦਾ ਹੈ ਤਾਂ ਸਾਨੂੰ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਘਰ ਪ੍ਰਕਾਸ਼ ਕਰਵਾ ਕੇ ਸਹਿਜ ਜਾਂ ਮੌਕੇ ਮੁਤਾਬਿਕ ਅਖੰਡ ਪਾਠ ਕਰਨਾ ਜਾਂ ਕਰਵਾਉਣਾ ਅਤੇ ਸੁਨਣਾ ਚਾਹੀਦਾ ਹੈ। ਇਸ ਤਰ੍ਹਾਂ ਇਕ ਤਾਂ ਘਰ ਦੀ ਸ਼ੁਧਤਾ ਹੋਵੇਗੀ, ਦੂਜਾ ਕੁਝ ਬਾਣੀ ਦਾ ਅਸਰ ਸਾਡੇ ਮਨਾਂ 'ਤੇ ਹੋਵੇਗਾ ਅਤੇ ਸਾਡਾ ਜੀਵਨ ਜੀਉਣ ਦਾ ਢੰਗ ਵੀ ਸੁਧਰੇਗਾ। ਪਰ ਅਸੀਂ ਤਾਂ ਆਪਣੇ ਜੀਵਨ ਦੀ ਮਰਯਾਦਾ ਹੀ ਆਪਣੀ ਮਰਜ਼ੀ ਦੀ ਬਣਾ ਲਈ ਹੈ। ਅਸੀਂ ਜ਼ਿਆਦਾ ਤੌਰ 'ਤੇ ਗੁਰਦੁਆਰੇ ਹੀ ਅਖੰਡ ਪਾਠ ਜਾਂ ਸਧਾਰਨ

ਪਾਠ ਕਰਵਾਉਣਾ ਪਸੰਦ ਕਰਦੇ ਹਾਂ। ਉਥੇ ਵੀ ਪਾਠ ਸੁਨਣਾ ਕਦੇ ਵੀ ਨਹੀਂ, ਕਿਉਂਕਿ ਘਰ ਤਾਂ ਅਸੀਂ ਉਹਨਾਂ ਹੀ ਦਿਨਾਂ ਵਿਚ ਸ਼ਰਾਬ ਦੇ ਦੌਰ ਚਲਾਉਣੇ ਹਨ। ਫੇਰ ਮੈਰਿਜ ਪੈਲੇਸ ਵਿਚ, ਪੇਟ ਦੀ ਖਾਤਰ ਮਜਬੂਰ ਬੱਚੀਆਂ ਦੇ ਨਾਚ ਵੀ ਜ਼ਰੂਰ ਕਰਵਾਉਣੇ ਹਨ। ਫੇਰ ਬੜੀ ਬੇਸ਼ਰਮੀ ਨਾਲ ਸਾਰਾ ਪਰਿਵਾਰ ਇਹ ਨਾਚ ਦੇਖਦੇ ਹਾਂ ਤੇ ਅਸ਼ਲੀਲ ਗਾਣੇ ਸੁਣਦੇ ਹਾਂ। ਉਥੇ ਜਿਹੜੇ ਗਾਣੇ ਗਾਏ ਜਾਂਦੇ ਹਨ, ਸਾਨੂੰ ਕੋਈ ਸ਼ਰਮ ਵੀ ਨਹੀਂ ਆਉਂਦੀ ਕਿ ਇਹ ਸਾਰੇ ਪਰਿਵਾਰ ਦੇ ਇਕੱਠੇ ਬੈਠਕੇ ਸੁਨਣ ਜਾਂ ਦੇਖਣ ਦੇ ਯੋਗ ਵੀ ਹਨ। ਪਰ ਅਸੀਂ ਲੋਕ ਦਿਖਾਵਾ ਜ਼ਰੂਰ ਕਰਨਾ ਹੈ ।

ਅੱਜ ਸਾਰਾ ਸੰਸਾਰ ਕਰੋਨਾ ਦੀ ਲਪੇਟ ਵਿਚ ਆ ਗਿਆ ਹੈ। ਅਸੀਂ ਸਾਰੇ ਹੀ ਡਰੇ ਹੋਏ ਹਾਂ ਕਿ ਪਤਾ ਨਹੀਂ ਕੀ ਹੋ ਜਾਵੇ, ਇਕ ਦੂਸਰੇ ਦੇ ਨੇੜੇ ਲਗਣ ਤੋਂ ਵੀ ਡਰਦੇ ਹਾਂ। ਪਰ ਇਹ ਸਭ ਕੁਝ ਕਿਉਂ ਹੋਇਆ ਕਿਉਂਕਿ ਅਸੀਂ ਕੁਦਰਤ ਨਾਲ ਛੇੜ ਛਾੜ ਕੀਤੀ। ਕੁਦਰਤ ਦੇ ਸਾਰੇ ਸਿਧਾਂਤ ਅਸੀਂ ਵਿਗਾੜ ਦਿੱਤੇ ਹਨ। ਕੁਦਰਤ ਵਿਚ ਵਸਦੇ ਅਕਾਲ ਪੁਰਖ ਨੂੰ ਵਿਸਾਰ ਦਿੱਤਾ, ਜਿਸ ਦੇ ਨਤੀਜੇ ਵਜੋਂ ਅੱਜ ਅਸੀਂ ਕਰੋਨਾ ਦੀ ਮਹਾਮਾਰੀ ਦੇ ਰੂਪ ਵਿਚ ਭੋਗ ਰਹੇ ਹਾਂ। ਚਾਹੀਦਾ ਤਾਂ ਇਹ ਸੀ ਕਿ ਅਸੀਂ ਸਾਦਗੀ ਅਪਣਾਉਂਦੇ ਅਤੇ ਚਿੰਤਾਵਾਂ ਤੋਂ ਮੁਕਤ ਹੁੰਦੇ। ਪਰ ਅਸੀਂ ਤਾਂ ਦਿਖਾਵੇ ਦੀ ਖਾਤਰ ਆਪਣੇ ਗੁਰੂ ਤੋਂ ਹੀ ਬੇਮੁੱਖ ਹੋ ਰਹੇ ਹਾਂ।

ਇਹ ਸਾਰੇ ਦਿਖਾਵੇ ਜੋ ਸਿੱਖੀ ਸਿਧਾਂਤਾਂ ਦੇ ਉਲਟ ਹਨ, ਅਗਰ ਇਹਨਾਂ ਨੂੰ ਹੁਣੇ ਨੱਥ ਨਾ ਪਾਈ ਗਈ ਤਾਂ ਅਸੀਂ ਖੁਦ ਹੀ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਵਿਚ ਤੇਜਾਬ ਪਾ ਰਹੇ ਹੋਵਾਂਗੇ। ਜਦੋਂ ਜੜ੍ਹਾਂ ਗਲ੍ਹ ਗਈਆਂ ਤਾਂ ਬੂਟੇ ਨੇ ਸੁਕ ਕੇ ਗਿਰਨਾ ਹੀ ਹੈ ਅਤੇ ਸਾਡੇ 'ਤੇ ਇਹ ਕਰੋਨਾ ਨਾਲੋਂ ਵੀ ਜ਼ਿਆਦਾ ਘਾਤਕ ਸਾਬਤ ਹੋਵੇਗਾ। ਸਾਡੀ ਅਣਗਹਿਲੀ ਕਾਰਨ ਅੱਜ ਸਾਡੇ ਇਤਿਹਾਸ 'ਤੇ ਤਿੱਖੇ ਹਮਲੇ ਜ਼ਿੰਮੇਵਾਰ ਲੋਕਾਂ ਨੇ ਕਰਨੇ ਸ਼ੁਰੂ ਕਰ ਦਿੱਤੇ ਹਨ। ਸਾਡੀ ਗੈਰਤ ਨੂੰ ਚੈਲੰਜ ਕੀਤਾ ਜਾ ਰਿਹਾ ਹੈ। ਜਦੋਂ ਸਾਡੇ ਵਲੋਂ ਉਹਨਾਂ ਨੂੰ ਰੋਕਣ ਲਈ ਕੋਈ ਠੋਸ ਵਤੀਰਾ ਨਹੀਂ ਅਪਣਾਇਆ ਜਾਂਦਾ ਤਾਂ ਇਹ ਸਾਡੇ ਨਾਲ ਹੁੰਦਾ ਹੀ ਰਹੇਗਾ। ਅੱਜ ਸਮਾਂ ਸੌਣ ਦਾ ਨਹੀਂ ਸਗੋਂ ਜਾਗਣ ਦਾ ਹੈ। ਸਾਨੂੰ ਤਾਂ ਗੁਰੂ ਸਹਿਬ ਨੇ ਸ਼ੇਰ ਬਣਾਇਆ ਸੀ ਪਰ ਅਸੀਂ ਭੇਡਾਂ ਵਿਚ ਰਲਕੇ ਭੇਡਾਂ ਵਾਂਗੂੰ ਅਤੇ ਗਿੱਦੜਾਂ ਵਾਲੇ ਕੰਮ ਕਿਉਂ ਕਰਨ ਲੱਗ ਪਏ ਹਾਂ? ਇਕ ਵਾਰੀ ਇਕ ਨਵਾਂ ਜਨਮਿਆਂ ਸੀਹਨੀ ਦਾ ਬੱਚਾ ਅਪਣੀ ਮਾਂ ਤੋਂ ਕਿਸੇ ਕਾਰਨ ਵਿਛੜ ਗਿਆ। ਇਕ ਭੇਡਾਂ ਚਾਰਨ ਵਾਲਾ ਆਜੜੀ ਉਸ ਨੂੰ ਚੁੱਕ ਲਿਆਇਆ। ਉਸ ਨੂੰ ਭੇਡਾਂ ਦਾ ਹੀ ਦੁੱਧ ਪਿਲਾਕੇ ਪਾਲਣ ਲੱਗ ਪਿਆ। ਉਹ ਭੇਡਾਂ ਵਿਚ ਹੀ ਟੁਰਨ ਫਿਰਨ ਲੱਗ ਪਿਆ ਅਤੇ ਉਸੇ ਤਰ੍ਹਾਂ ਘਾਹ ਫੂਸ ਨਾਲ ਪੇਟ ਭਰਨ ਲੱਗ ਪਿਆ। ਇਕ ਦਿਨ ਇਕ ਉੱਚੀ ਪਹਾੜੀ 'ਤੇ ਇਕ ਖੜ੍ਹੇ ਸ਼ੇਰ ਨੇ ਇਸ ਬੱਚੇ ਨੂੰ ਦੇਖਕੇ ਬੜੀ ਜ਼ੋਰ ਦੀ ਦਹਾੜ ਮਾਰੀ। ਇਹ ਸ਼ੇਰਨੀ ਦਾ ਬੱਚਾ ਦਹਾੜ ਸੁਣ ਕੇ ਜ਼ੋਰ ਦੀ ਭੱਜ ਕੇ ਸ਼ੇਰ (ਆਪਣੇ ਵਿਰਸੇ) ਨਾਲ ਜਾ ਮਿਲਿਆ। ਇਕ ਅਸੀਂ ਹਾਂ ਜਿਹਨਾਂ ਨੂੰ ਹਰ ਰੋਜ਼ ਗੁਰੂ ਦੀਆਂ ਦਹਾੜਾਂ ਸੁਣਦੀਆਂ ਹਨ ਪਰ ਸਾਡੇ 'ਤੇ ਉਹਨਾਂ ਦਾ ਕੋਈ ਅਸਰ ਹੀ ਨਹੀਂ। ਸਾਡੇ ਨਾਲੋਂ ਤਾਂ ਸ਼ੇਰ ਦਾ ਬੱਚਾ ਵੀ ਜ਼ਿਆਦਾ ਸਮਝਦਾਰ ਹੋਇਆ। ਗੁਰੂ ਸਾਹਿਬ ਦਾ ਫੁਰਮਾਨ ਹੈ "**ਜਬ ਲਗ ਖਾਲਸਾ ਰਹੇ ਨਿਆਰਾ ਤਬ ਲਗ ਤੇਜ ਦਿਉਂ ਮੈ ਸਾਰਾ। ਜਬ ਇਹ ਗਹੈ ਬਿਪਰਨ ਕੀ ਰੀਤ, ਮੈ ਨ ਕਰੂੰ ਇਨ ਕੀ ਪ੍ਰਤੀਤ**"। ਹੁਣ ਜਦੋਂ ਅਸੀਂ ਸਾਰੇ ਵਿਸ਼ਵ ਵਿਚ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਗੁਰਪੁਰਬ ਮਨਾਇਆ ਹੈ, ਜੇਕਰ ਅਸੀਂ ਆਪਣੇ ਸਿਧਾਂਤਾਂ ਨੂੰ ਹੀ ਨਾ ਅਪਣਾਇਆ ਜੋ ਕਿ ਗੁਰੂ ਸਾਹਿਬ ਦੀ ਸਾਡੇ 'ਤੇ ਬਖਸ਼ਿਸ਼ ਹਨ ਉਹਨਾਂ ਦੀ ਰਹਿਮਤ ਨੂੰ ਅਸੀਂ ਠੁਕਰਾ ਰਹੇ ਹਾਂ, ਫੇਰ ਸਾਡਾ ਇਹ 550 ਸਾਲਾ ਮਨਾਉਣਾ ਵੀ ਇਕ ਕਰਮਕਾਂਡ ਹੀ ਬਣ ਕੇ ਰਹਿ ਜਾਵੇਗਾ।

ਆਉ ਅਸੀਂ ਸਾਰੇ ਸਿੱਖ ਕਹਿਲਾਉਣ ਵਾਲੇ ਹੰਭਲਾ ਮਾਰੀਏ। ਗੁਰੂ ਦੇ ਸਿਧਾਂਤਾਂ ਨੂੰ ਅਪਣਾਈਏ, ਲਾਗੂ ਕਰੀਏ ਅਤੇ ਹੋਰਨਾਂ ਨੂੰ ਕਰਵਾਈਏ। ਇਹ ਸਾਡਾ ਸਾਰਿਆਂ ਦਾ ਫਰਜ਼ ਹੈ। ਕੋਈ ਇਕੱਲਾ ਜਾਂ ਕੋਈ ਇਕ ਸੰਸਥਾ ਇਸ ਨੂੰ ਨਹੀਂ ਕਰ ਸਕਦੀ। ਸਾਰੇ ਜ਼ੋਰ ਮਾਰਾਂਗੇ, ਤਾਂ ਗੁਰੂ ਸਾਹਿਬ ਵੀ ਮਦਦਗਾਰ ਬਨਣਗੇ। ਅਸੀਂ ਉੱਦਮ ਕਰੀਏ ਗੁਰੂ ਸਾਹਿਬ ਜ਼ਰੂਰ ਹੀ ਰਹਿਮਤ ਵਰਤਾਉਣਗੇ। ਅਜਿਹਾ ਨਾ ਕੀਤਾ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਨਹੀਂ ਬਖਸ਼ਣਗੀਆਂ। ◆

# ਨਿੰਦਾ

ਹੋਰ ਵਿਸ਼ੇ ਵਿਕਾਰਾਂ ਵਾਂਗ ਨਿੰਦਾ ਵੀ ਮਨੁੱਖ ਨੂੰ ਚੰਬੜਿਆ ਐਸਾ ਰੋਗ ਹੈ ਜੋ ਉਸ ਦੀ ਬਿਰਤੀ ਨੂੰ ਸਦਾ ਅਵਗੁਣਾਂ ਵੱਲ ਲੈ ਜਾਂਦਾ ਹੈ। ਨਿੰਦਕ ਨਾਂਹ ਪੱਖੀ ਅਤੇ ਸਾੜੇ ਨਾਲ ਭਰਪੂਰ ਹੁੰਦਾ ਹੈ। ਨਿੰਦਕ ਇੱਧਰ ਉੱਧਰ ਚੁਗਲੀਆਂ ਲਾ ਕੇ ਖੂਬ ਤਮਾਸ਼ੇ ਦੇਖਦਾ ਹੈ, ਆਪਣੀ ਥਾਂ ਚੰਗੀ ਬਨਾਉਣ ਦਾ ਯਤਨ ਕਰਦਾ ਹੈ, ਪਰ ਅਜਿਹੇ ਲੋਕਾਂ ਨੂੰ ਸੰਸਾਰ ਫਿਟਕਾਰਾਂ ਹੀ ਪਾਉਂਦਾ ਹੈ। ਨਿੰਦਕ ਦੇ ਮਨ ਨੂੰ ਸ਼ਾਂਤੀ ਕਦੇ ਨਹੀਂ ਆਉਂਦੀ। ਨਿੰਦਾ ਕਰਨ ਵਾਲਿਆਂ ਦਾ ਆਹਾਰ (ਭੋਜਨ) ਹੀ ਨਿੰਦਾ ਕਰਨਾ ਹੈ। ਅਜਿਹੇ ਲੋਕਾਂ ਨੂੰ ਆਪਣੀ ਇੱਜ਼ਤ ਦੀ ਪ੍ਰਵਾਹ ਨਹੀਂ ਹੁੰਦੀ।

ਗੁਰਬਾਣੀ ਅਨੁਸਾਰ ਨਿੰਦਕ ਨੇ ਨਿੰਦਿਆ ਕਰਕੇ ਸਮਾਜ ਵਿਚ ਤਾਂ ਖੁਆਰ ਹੋਣਾ ਹੀ ਹੈ, ਉਸ ਨੂੰ ਦਰਗਾਹ ਵਿਚ ਵੀ ਥਾਂ ਨਹੀਂ ਮਿਲਦੀ।

**ਨਿੰਦਕ ਕਾ ਮੁਖੁ ਕਾਲਾ ਹੋਆ**
**ਦੀਨ ਦੁਨੀਆ ਕੈ ਦਰਬਾਰਿ ॥** **(ਅੰਗ ੬੭੪)**

**ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥**
**ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥** **(ਅੰਗ ੧੨੪੪)**

**- ਵਿਰਸਾ ਬਿਊਰੋ**

ਚੌਥੀ ਜਨਮ ਸ਼ਤਾਬਦੀ ਪ੍ਰਸੰਗ

# ਵੈਰਾਗ ਅਤੇ ਗੁਰਮਤਿ-ਵੈਰਾਗ (ਬੈਰਾਗ)

**ਅਮਰੀਕ ਸਿੰਘ**
ਖੋਜਾਰਥੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਮੋ. 98886-21383

## (ਮਹਲਾ ੯ ਦੇ ਵਿਸ਼ੇਸ਼ ਸੰਦਰਭ ਵਿਚ)

ਦਰਅਸਲ ਬੈਰਾਗ ਸਮੁੱਚੇ ਵਿਸ਼ਵ ਦੇ ਮਨੁੱਖੀ ਸਮਾਜ ਨਾਲ ਜੁੜਿਆ ਹੋਇਆ ਆਤਮਿਕ ਮੰਡਲ ਦਾ ਇਕ ਕਣ ਹੈ ਜਿਸ ਕਰਕੇ ਇਹ (ਬੈਰਾਗ) ਜਿਥੇ ਭਾਰਤੀ ਅਧਿਆਤਮਿਕ ਚਿੰਤਨ ਦਾ ਜ਼ਰੂਰੀ ਅੰਗ ਹੈ, ਉੱਥੇ ਇਹ ਵਿਸ਼ਵ ਦੇ ਸਮੂਹ ਧਰਮਾਂ ਦਾ ਇਕ ਸਾਂਝਾ ਸੰਕਲਪ ਹੈ। ਜਿਸ ਦਾ ਇਲਮੁਲ ਯਕੀਨ (ਵਿਦਿਅਕ ਵਿਸ਼ਵਾਸ) ਕਈਆਂ ਨੂੰ ਹੈ, ਪਰ ਐਨੁਲ-ਯਕੀਨ (ਯਥਾਰਥ ਦਰਸ਼ਨ) ਦਾ ਇਲਮ ਕਿਸੇ ਵਿਰਲੀ ਪ੍ਰਭੂ ਵਰੋਸਾਈ ਆਤਮਾ ਨੂੰ ਹੀ ਹੁੰਦਾ ਹੈ। ਅਜਿਹੀ ਜੀਵ ਆਤਮਾ ਵਾਸਤੇ ਅਕਾਲ ਪੁਰਖ ਖ਼ੁਦ ਸਬੱਬ ਬਣਾਉਂਦਾ ਹੈ ਜਿਸ ਨਾਲ ਉਸ ਦੇ ਮਨ ਨੂੰ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਹਿਣ ਦੀ ਜਾਚ ਆ ਜਾਂਦੀ ਹੈ।

ਨਾ ਮੈ ਜੋਗ ਧਿਆਨ ਚਿਤੁ ਲਾਇਆ॥
ਬਿਨੁ ਬੈਰਾਗ ਨ ਛੂਟਸਿ ਮਾਇਆ॥[1]

ਸੰਸਾਰ ਦੇ ਬਾਕੀ ਧਰਮਾਂ ਨਾਲੋਂ ਸਿੱਖ ਧਰਮ ਵਿਚ ਗੁਰਮਤਿ-ਬੈਰਾਗ ਦਾ ਇਕ ਨਿਵੇਕਲਾ ਅਤੇ ਵੱਖਰਾ ਸਰੂਪ ਉਘੜ ਕੇ ਸਾਹਮਣੇ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 'ਵੈਰਾਗ' ਸ਼ਬਦ ਦੀ ਵਰਤੋਂ ਤਦਭਵ ਰੂਪ 'ਬੈਰਾਗ' ਵਿਚ ਹੋਈ ਹੈ ਜਿਸ ਮੁਤੱਲਕ ਗੁਰਬਾਣੀ ਵਿਚ ਬੈਰਾਗ ਸ਼ਬਦ ਬੈਰਾਗੀ, ਬੈਰਾਗਣੀ, ਬੈਰਾਗਿਅੜੇ ਆਦਿ ਸਰੂਪ ਵਿਚ ਰੂਪਾਂਤਰਿਤ ਹੋਇਆ ਮਿਲਦਾ ਹੈ।

ਪ੍ਰਕ੍ਰਿਤਕ ਤੌਰ 'ਤੇ ਦੇਖਦਿਆਂ ਮਾਲੂਮ ਹੁੰਦਾ ਹੈ ਕਿ 'ਵੈਰਾਗ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਭਾਵ ਮਨ ਦੀ ਉਦਾਸੀਨਤਾ ਮੰਨਿਆ ਗਿਆ ਹੈ। ਸੰਸਕ੍ਰਿਤ ਆਚਾਰੀਆਂ ਮੁਤਾਬਿਕ ਮਨੋਬਿਰਤੀ ਦਾ ਸੰਸਾਰਿਕ ਪਦਾਰਥਾਂ ਦੇ ਭੋਗਾਂ ਤੋਂ ਉਪਰਾਮ ਹੋਣਾ ਵੈਰਾਗ ਦਾ ਪ੍ਰਤੀਕ ਹੈ। ਵੈਰਾਗ ਨੂੰ ਸੰਸਕ੍ਰਿਤ ਕਾਵਿ-ਆਚਾਰਯ ਨੇ ਸ਼ਾਂਤ ਰਸ ਦੇ ਸਥਾਈ ਭਾਵ ਵਜੋਂ ਲਿਆ ਹੈ। ਆਚਾਰਯ ਭਰਤ ਮੁਨੀ ਨੇ ਆਪਣੇ ਗ੍ਰੰਥ ਨਟਯ ਸ਼ਾਸਤ੍ਰ ਵਿਚ ਜਿਹਨਾਂ ਪ੍ਰਧਾਨ ਰਸਾਂ ਦਾ ਜ਼ਿਕਰ ਕੀਤਾ ਹੈ ਉਹਨਾਂ ਦੀ ਗਿਣਤੀ ਉਸ ਨੇ ਅੱਠ ਦਿਤੀ ਹੈ :

ਅਸ਼ਟੌ ਨਾਹਰੇ ਰਸਾਈ ਸਮ੍ਰਿਤਾ।[2]

ਆਪਣੇ ਇਸ ਗ੍ਰੰਥ ਵਿਚ ਹੀ ਉਸ ਨੇ ਨੌਵੇਂ ਰਸ, ਸ਼ਾਂਤ ਰਸ ਦਾ ਅਪ੍ਰਧਾਨ ਰੂਪ ਵਿਚ ਜ਼ਿਕਰ ਕੀਤਾ ਹੈ ਪਰੰਤੂ ਬਾਅਦ ਵਿਚ ਕਾਵਿ ਆਚਾਰੀਯ ਵਿਸ਼ਵਨਾਥ ਨੇ ਸਾਂਤ ਰਸ ਨੂੰ ਪੂਰਨ ਤੌਰ 'ਤੇ ਮਾਨਤਾ ਦੇ ਦਿਤੀ।[3] ਸ਼ਾਂਤ ਰਸ ਦਾ ਤੁਅਲੁੱਕ ਮਨੁੱਖੀ ਹਿਰਦੇ ਦੀ ਸ਼ਾਂਤੀ ਨਾਲ ਹੁੰਦਾ ਹੈ ਜਿਥੇ ਕਿ ਵੈਰਾਗ ਇਸ ਦਾ ਸਥਾਈ ਭਾਵ ਹੈ। ਸੰਸਾਰਿਕ ਅਸਥਿਰਤਾ ਦੇ ਕਾਰਨ ਜਾਂ ਤੱਤ-ਗਿਆਨ ਦੇ ਕਾਰਨ ਮਨ ਵਿਚ ਜਦੋਂ ਵੈਰਾਗ ਦਾ ਭਾਵ ਉਤਪੰਨ ਹੁੰਦਾ ਹੈ ਤਦ ਉਸ ਭਾਵ ਨੂੰ ਸ਼ਾਂਤ ਰਸ ਦੀ ਸਥਿਤੀ ਮੰਨਿਆ ਗਿਆ ਹੈ।[4] ਵੈਰਾਗ, ਬੈਰਾਗ, ਵੈਰਾਗਯ ਦੇ ਅਰਥ ਉਪਰਾਮਤਾ ਦੇ ਹਨ ਅਥਵਾ ਲੋਕ-ਪਰਲੋਕ ਦੇ ਵਿਸ਼ਿਆਂ ਨਾਲ ਪ੍ਰੀਤੀ ਦਾ ਨਾ ਹੋਣਾ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਵਿਦਵਾਨਾਂ ਨੇ ਇਸ ਦੇ ਚਾਰ ਭੇਦ ਮੰਨੇ ਹਨ।[5]

**ੳ) ਯਤਮਾਨ :** ਸੰਸਾਰ ਨੂੰ ਦੁੱਖ ਰੂਪ ਜਾਣ ਕੇ ਸਾਧੂ ਸੇਵਾ ਦੁਆਰਾ ਪਰਮਾਰਥ ਪ੍ਰਾਪਤ ਦਾ ਯਤਨ ਕਰਨਾ। ਉਦ੍ਯਮ ਵੀ ਕਿਹਾ ਗਿਆ ਹੈ।

**ਅ) ਵਯਤਿਰੰਕ :** ਵਿਚਾਰ ਨਾਲ ਹਾਨੀਕਰਨ ਪਦਾਰਥਾਂ ਦਾ ਤਿਆਗ ਅਤੇ ਲਾਭਦਾਇਕ ਦਾ ਗ੍ਰਹਿਣ।

**ੲ) ਏਕੇਂਦ੍ਰਿਯ :** ਵਿਚਾਰ ਨਾਲ ਇੰਦ੍ਰੀਆਂ ਦੇ ਭੋਗਾਂ ਤੋਂ ਗਿਲਾਨੀ ਕਰਕੇ ਮਨ ਵਿਚ ਸਾਰੇ ਇੰਦ੍ਰਿਯਾਂ ਨੂੰ ਲਯ ਕਰਨਾ।

**ਸ) ਵਸਿਕਾਰ :** ਜਦੋਂ ਚਿੰਤਾ ਦੀ ਅਵਸਥਾ ਉਲੰਘ ਕੇ ਦ੍ਰਿਸ਼ਟ ਅਤੇ ਆਦ੍ਰਿਸ਼ਟ ਪਦਾਰਥਾਂ ਦੇ ਰਸਾਂ ਦਾ ਮੋਹ ਪੂਰਨ ਤੌਰ 'ਤੇ ਮੁੱਕ ਜਾਂਦਾ ਹੈ।

ਵੈਰਾਗ ਦੇ ਇਸ ਭੇਦ ਨੂੰ ਅਪਰਾ-ਵੈਰਾਗ (lower detachment) ਵੀ ਕਿਹਾ ਗਿਆ ਹੈ। ਇਸ ਤੋਂ ਪਰ੍ਹੇ, ਪਰਾ-ਵੈਰਾਗ (High detachment) ਦੀ ਅਵਸਥਾ ਹੈ, ਜਦੋਂ ਆਤਮ ਗਿਆਨ ਦੇ ਕਾਰਨ ਗੁਣਾਂ ਪ੍ਰਤੀ ਪੂਰਨ ਵਿਰਕਤਾ ਪ੍ਰਾਪਤ ਹੋ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਬੈਰਾਗ ਦੇ ਅਰਥ ਇਸ ਤਰ੍ਹਾਂ ਵੀ ਕੀਤੇ ਹਨ। ਬੈਰਾਗਃ ਉਦਾਸੀਨਤਾ ਜਾਂ ਨਿਰਾਸ਼ਤਾ ਦਾ ਦੂਜਾ ਰੂਪ ਹੈ।[6]

ਭਾਰਤੀ ਦਰਸ਼ਨ ਅਨੁਸਾਰ ਮੋਕਸ਼ ਦੀ ਪ੍ਰਾਪਤੀ ਲਈ ਵੈਰਾਗ ਦੀ ਭਾਵਨਾ ਦਾ ਵਿਕਾਸ ਜ਼ਰੂਰੀ ਹੈ। ਵੈਰਾਗ ਦੁਆਰਾ ਚਿਤਬਿਰਤੀਆਂ ਦਾ ਨਿਰੋਧ ਹੁੰਦਾ ਹੈ। ਸੰਸਾਰਿਕ ਸੁੱਖਾਂ ਪ੍ਰਤੀ ਅਨਾਸਕਤੀ ਅਤੇ ਵਿਰੱਕਤ ਭਾਵ ਹੀ ਵੈਰਾਗ ਹੈ। ਇਹ ਰਾਗ ਦਾ ਵਿਰੋਧਾਰਥੀ ਹੈ। ਇਸ ਕਰਕੇ ਇਸ ਸੰਕਲਪ ਲਈ ਵੈਰਾਗ ਚਿੰਨ੍ਹ ਘੜਿਆ ਗਿਆ ਹੈ।[7]

ਬੈਰਾਗ ਭਾਵ ਨਾਲ ਆਤਮ ਤੱਤ ਦੀ ਲਖਤਾ ਹੁੰਦੀ ਹੈ। ਆਤਮ-ਤੱਤ, ਸਰੀਰ, ਮਨ, ਸੰਸਾਰ, ਜੀਵਨ, ਸਭ ਕਾਸੇ ਤੋਂ ਨਿਰਮੋਹ ਹੋਣ ਵਿੱਚ ਹੀ ਹੈ।[8] ਇਸ ਦਾ ਮੂਲ ਸਹਾਰਾ ਸ਼ਬਦ ਦੀ ਨਿਰੰਤਰ ਚੇਤਨਾ ਵਿਚ ਹੀ ਲੁਕਿਆ ਹੈ। ਇਸ ਦੇ ਫਲਸਰੂਪ ਮਨੁੱਖ ਵਿਸ਼ੇ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਉਸ ਦੀ ਸੁਰਤ ਪਰਮਾਤਮਾ ਨਾਲ ਜੁੜਦੀ ਹੋਈ ਦੁਨਿਆਵੀ (ਸ਼ੁੱਭ) ਕਰਮ ਕਰਨ ਵਿਚ ਲੱਗੀ ਰਹਿੰਦੀ ਹੈ।

ਵਿਸ਼ਿਆਂ ਦਾ ਤਿਆਗ ਉਹੀ ਵਿਅਕਤੀ ਕਰ ਸਕਦਾ ਹੈ ਜਿਹੜਾ ਆਤਮਿਕ ਤੌਰ 'ਤੇ ਸੰਤੁਸ਼ਟ ਹੋਵੇ ਅਤੇ ਅਜਿਹਾ ਬੈਰਾਗ ਮਨੁੱਖ ਨੂੰ ਸੱਚਾ ਧਰਮੀ

ਬਣਾ ਕੇ ਜੀਵਨ ਸੰਘਰਸ਼ ਦਾ ਮਾਰਗ ਦਰਸ਼ਨ ਕਰਾਉਂਦਾ ਹੈ। ਉਹ ਸੱਚੇ ਧਰਮ ਨੂੰ ਧਾਰਨ ਕਰਕੇ ਆਪਣੀ ਸੁਰਤ ਨੂੰ ਸੰਭਾਲ ਕੇ ਗ੍ਰਿਹਸਾਰੀ ਜ਼ਿੰਦਗੀ ਜਿਉਣ ਲਈ ਕਾਰਜਸ਼ੀਲ ਹੁੰਦਾ ਹੈ। ਉਸ ਦੇ ਅੰਦਰ ਵਖਰੇਵਾਂ ਉਪਜਣ ਵਾਲੀ ਹਉਮੈ ਦੀ ਬਜਾਇ ਸਰਵ ਲੋਕਾਈ ਨੂੰ ਕਲਾਵੇ ਵਿਚ ਲੈਣ ਵਾਲੀ ਦੈਵੀ ਆਤਮਾ ਦਾ ਨਿਵਾਸ ਹੁੰਦਾ ਹੈ। ਹੋਂਦਪਰਕ ਦ੍ਰਿਸ਼ਟੀ ਤੋਂ ਉਹ ਦੁਨਿਆਵੀ ਜੀਵ ਹੈ ਪਰ ਤੱਤ-ਰੂਪ ਵਿਚ ਉਹ ਕਿਸੇ ਪਰਲੇ ਮੰਡਲ ਦਾ ਵਾਸੀ ਹੈ।[9] ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰੂ ਗਿਰਾਰਥ ਕੋਸ਼' ਵਿਚ ਬੈਰਾਗ ਨੂੰ ਇਸ ਪ੍ਰਕਾਰ ਪਰਿਭਾਸ਼ਤ ਕੀਤਾ ਹੈ :

''ਵੈਰਾਗ: ਲੋਕ ਪਰਲੋਕ ਕੇ ਪਦਾਰਥੋਂ ਕੇ ਤਯਾਗ ਕੀ ਇੱਛਾ ਹੈ।''[10]

ਦੂਸਰੇ ਪਾਸੇ ਗੁਰਬਚਨ ਸਿੰਘ ਤਾਲਿਬ ਦਾ ਵਿਚਾਰ ਹੈ ਕਿ, ''ਬੈਰਾਗ ਖਿੱਚ, ਸਵਾਦ ਆਦਿ ਦੇ ਪ੍ਰਤਿਕੂਲ ਪਰਤੀਤ ਹੋ ਕੇ ਸੰਸਾਰ ਦੇ ਪਦਾਰਥਾਂ ਤੋਂ ਉਪਰਾਮਤਾ ਅਤੇ ਕਿਸੇ ਉਚੇਰੇ ਆਦਰਸ਼ ਪਰਮਾਰਥ ਦੀ ਜਾਚਨਾ ਦਾ ਲਖਾਇਕ ਹੈ। ਇਸ ਵਿਚ ਤਿਆਗ, ਮਨ ਦਾ ਸੰਸਾਰਕ ਪਦਾਰਥਾਂ ਤੋਂ ਹਟਣਾ ਅਤੇ ਗਿਆਨ ਅਤੇ ਭਗਤੀ ਮਾਰਗ ਦਾ ਅਨੁਸ਼ਰਣ ਸ਼ਾਮਲ ਹਨ।[11]

ਪੁਰਾਤਨ ਵਿਚਾਰਧਾਰਾ ਦੇ ਅਨੁਸਾਰ ਅਧਿਆਤਮਿਕ ਸਾਧਨਾ ਦਾ ਆਰੰਭ ਸੰਸਾਰ ਤੋਂ ਮੁਖ ਮੋੜ ਕੇ ਹੁੰਦਾ ਸੀ। ਵੈਰਾਗੀ ਮੋਕਸ਼ ਦੀ ਇੱਛਾ ਪੂਰਤੀ ਲਈ ਅੰਤਰੀਵੀ ਅਤੇ ਬਾਹਰੀ ਲਾਲਸਾਵਾਂ ਦਾ ਤਿਆਗ ਕਰ ਦਿੰਦਾ ਸੀ :

*अन्तस्त्यागो वहिस्त्यागो विरत्कस्यैव युज्यते।।*

*त्जत्यन्तब्रहिः सहं विरक्रस्तु मुमुक्षया।।३७३।।*[12]

ਪ੍ਰਾਚੀਨ ਕਾਲ ਵਿਚ ਜੋਗੀ, ਰਿਸ਼ੀ, ਮੁਨੀ ਅਤੇ ਤਪੀ ਜਦੋਂ ਘਰ-ਬਾਰ ਦਾ ਤਿਆਗ ਕਰਕੇ ਜੰਗਲਾਂ ਵਿਚ ਜਾ ਕੇ ਕਰਮ-ਕਾਂਡ ਕਰਦੇ ਸਨ ਤਾਂ ਉਦੋਂ ਉਸ ਅਵਸਥਾ ਦਾ ਭਾਵ ਵੈਰਾਗ ਸਮਝਿਆ ਜਾਂਦਾ ਸੀ। ਇਸੇ ਕਰਕੇ ਵੇਦਾਂਤ ਬਕਤਿਆਂ ਨੇ 'ਏਕਾ ਬ੍ਰਹਮ ਦੁਤੀਆ ਨਾਸਤੀ' ਵਿਚਾਰ ਨਾਲ ਜਗਤ ਨੂੰ ਮੁੱਢੋਂ ਨਕਾਰ ਦਿੱਤਾ ਅਤੇ ਜਗਤ ਪਸਾਰੇ ਦੀ ਨਾਸ਼ਵਾਨਤਾ ਮਨ ਅੰਦਰ ਵੈਰਾਗ ਪੈਦਾ ਕਰਨ ਵਾਲੀ ਘੋਸ਼ਿਤ ਕੀਤਾ। ਵੈਰਾਗੀ ਮਨ ਤਿਆਗੀ ਬਣ ਜਾਂਦਾ ਹੈ, ਇੰਨ੍ਹਾਂ ਦੁਸ਼ਵਾਰੀਆਂ ਦਾ ਟਾਕਰਾ ਕਰਨ ਦੀ ਬਜਾਇ ਉਹ ਇਸ ਤੋਂ ਬਾਗੀ ਹੋ ਕੇ ਜੰਗਲਾਂ ਜਾਂ ਪਹਾੜਾਂ ਵੱਲ ਕੂਚ ਕਰ ਜਾਂਦਾ ਹੈ ਜਦੋਂਕਿ ਅਜਿਹੇ ਕਰਮ ਭਾਂਜਵਾਦੀ ਹਨ।[13]

ਇਸੇ ਤਰ੍ਹਾਂ ਗੋਰਖ ਮੱਤ ਨੇ ਪ੍ਰਾਣਾਯਾਮ ਰਾਹੀਂ ਸੁਆਸਾਂ ਨੂੰ ਦਸਮ ਦੁਆਰ ਵਿਚ ਟਿਕਾ ਕੇ ਸੁੰਨ ਮੰਡਲ ਦੀ ਅਵਸਥਾ ਨੂੰ ਵੈਰਾਗ ਆਖਣਾ ਆਰੰਭ ਕਰ ਦਿੱਤਾ ਸੀ ਪਰ ਇਹ ਨਿਰੀ ਸੁਨ ਅਵਸਥਾ ਸੀ। ਇਸ ਅਵਸਥਾ ਦੀ ਪ੍ਰਾਪਤੀ ਲਈ ਉਨ੍ਹਾਂ ਮੜ੍ਹੀਆਂ-ਮਸਾਣਾਂ ਵਿਚ ਸਮਾਧੀਆਂ ਲਾਉਣ ਦਾ ਪ੍ਰਚਾਰ ਕੀਤਾ। ਜੋਗੀਆਂ ਦੇ ਇਸ ਮੱਤ ਨੇ ਕੇਵਲ ਗਰੀਬ ਗ੍ਰਹਿਸਥੀਆਂ ਦੇ ਘਰਾਂ ਨੂੰ ਹੀ ਨਹੀਂ ਉਜਾੜਿਆ ਸਗੋਂ ਕਈ ਰਾਜਿਆਂ ਨੂੰ ਵੀ ਆਪਣੇ ਚੇਲੇ ਬਣਾ ਲਿਆ ਸੀ। ਜਿਵੇਂ ਰਾਜਾ ਭਰਥਰੀ ਵੀ ਇਕ ਜਗਤ ਪ੍ਰਸਿੱਧ ਵੈਰਾਗੀ ਹੋਇਆ ਹੈ, ਜਿਸ ਨੇ 'ਸ਼ਿੰਗਾਰ-ਸ਼ਤਕ', 'ਨੀਤੀ-ਸ਼ਤਕ', 'ਵੈਰਾਗ-ਸ਼ਤਕ' ਤਿੰਨ ਪੁਸਤਕਾਂ ਲਿਖੀਆਂ ਪਰ ਤੱਤ-ਬੈਰਾਗ ਤੋਂ ਸੱਖਣਾ ਹੀ ਰਿਹਾ, ਕਿਉਂਕਿ ਉਸ ਉਪਰ ਜੋਗ ਮੱਤ ਦਾ ਪ੍ਰਭਾਵ ਸੀ। ਫਿਰ ਵੀ 'ਵੈਰਾਗ-ਸ਼ਤਕ' ਵਿਚ ਭਰਥਰੀ ਨੇ ਵੈਰਾਗ ਦੇ ਕੁਝ ਨਮੂਨੇ ਪੇਸ਼ ਕੀਤੇ ਹਨ।[14]

ਇਸੇ ਤਰ੍ਹਾਂ ਵੇਦਾਂਤ ਵਿਚ ਸ਼ੰਕਰ ਨੇ ਬ੍ਰਹਮ ਸਤਯੰ ਜਗਤ ਮਿਥਿਆ ਅਨੁਸਾਰ ਜਗਤ ਨੂੰ ਨਾਸ਼ਵਾਨ ਕਿਹਾ ਹੈ।[15] ਜਿਸ ਕਰਕੇ ਮਨ ਅੰਦਰ ਵੈਰਾਗ ਪੈਦਾ ਹੁੰਦਾ ਹੈ, ਵੈਰਾਗੀ ਮਨ ਤਿਆਗੀ ਬਣ ਜਾਂਦਾ ਹੈ, ਇਹੋ ਜਿਹਾ ਤਿਆਗ ਹੀ ਹੇਠਲੇ ਦੋਹਰੇ ਵਿਚ ਸਪਸ਼ਟ ਹੋ ਜਾਂਦਾ ਹੈ :

*ब्रह्मलोक लौ भोग जो, चहै सबन कौ त्यागा।।*

*वेद अथ ज्ञाता मुनी, कहत ताहिं वैराग।।१४।।*[16]

ਇਸੇ ਤਰ੍ਹਾਂ ਰਾਮਾਨੁਜ ਸੰਪ੍ਰਦਾਇ ਦੇ ਪ੍ਰਸਿੱਧ ਚੇਲੇ ਰਾਘਵਾ ਨੰਦ ਨੇ ਆਪਣੇ ਗੁਰੂ ਪਾਸੋਂ ਗਿਆਨ ਉਪਦੇਸ਼ ਲਿਆ ਅੱਗੋਂ ਰਾਮਾਨੰਦ ਨੂੰ ਦਿੱਤਾ ਜਿਸ ਨੇ ਬੈਰਾਗੀ ਮੱਤ ਨੂੰ ਦੇਸ਼ ਦੇ ਕੋਨੇ ਕੋਨੇ ਵਿਚ ਫਿਰ ਕੇ ਪਰਚਾਰਿਆ। ਇਸ ਮੱਤ ਵਿਚ ਵੱਡੀ ਗਿਣਤੀ ਵੈਸ਼ਣਵ ਭਗਤਾਂ ਦੀ ਸੀ ਜਿਹਨਾਂ ਨੇ ਆਪਣੇ ਜੀਵਨ ਦੇ ਮੁੱਢਲੇ ਕਈ ਵਰ੍ਹੇ ਪ੍ਰਭੂ ਪ੍ਰੀਤ ਮਾਰਗ ਵੱਲ ਤੁਰਦਿਆਂ ਗੁਜ਼ਾਰੇ ਪਰ ਇਸ ਦਾ ਕਿਸੇ ਨੂੰ ਪਤਾ ਨਹੀਂ ਲੱਗਾ। ਜਿਵੇਂ ਭਗਤ ਪੀਪਾ ਜੀ ਆਪਣੀ ਇਸਤ੍ਰੀ ਦਿੱਤਾ ਸਮੇਤ ਘਰ ਤਿਆਗ ਕੇ ਵੈਰਾਗੀ ਬਣ ਕੇ ਹੀ ਫਿਰਦੇ ਰਹੇ। ਇਸ ਬਾਰੇ ਦਸਮ ਗ੍ਰੰਥ ਅੰਦਰ ਬਚਿਤ੍ਰ ਨਾਟਕ ਦੀ ਬਾਣੀ ਵਿੱਚ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਉਂ ਵਰਣਨ ਕੀਤਾ ਹੈ।

ਪੁਨਿ ਹਰਿ ਰਾਮਾਨੰਦ ਕੋ ਕਰਾ।। ਭੇਸ ਬੈਰਾਗੀ ਕੋ ਜਿਨ ਧਰਾ।।

ਕੰਠੀ ਕੰਠਿ ਕਾਠ ਕੀ ਡਾਰੀ।। ਪ੍ਰਭ ਕੀ ਕ੍ਰਿਆ ਨ ਕਛੂ ਬਿਚਰੀ।।੨੫।।[17]

**ਹਵਾਲੇ ਅਤੇ ਟਿੱਪਣੀਆਂ :**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 329
2. ਨਾਟਯ-ਸ਼ਾਸਤ੍ਰ ਕ੍ਰਿਤ ਭਰਤ ਮੁਨੀ, ਜੀ.ਐਨ. ਰਾਜਗੁਰੂ (ਅਨੁ:), ਪੰਨਾ 55-56
3. ਸਾਹਿਤਯ ਦਰਪਣ ਕ੍ਰਿਤ ਵਿਸ਼ਵਨਾਥ, ਦੁਨੀ ਚੰਦ (ਅਨੁ:), ਪੰਨਾ 94-95
4. ਭਾਰਤੀ ਕਾਵਿ-ਸ਼ਾਸਤ੍ਰ, ਪ੍ਰੇਮ ਪ੍ਰਕਾਸ਼ ਸਿੰਘ, ਪੰਨਾ 106
5. ਗੁਰੁਸ਼ਬਦ ਰਤਨਾਕਰ: ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 1111
6. ਗੁਰੁਸ਼ਬਦ ਰਤਨਾਕਰ: ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 891
7. ਭਾਰਤੀਯ ਦਰਸ਼ਨ ਕੋਸ਼ (ਹਿੰਦੀ), ਸੰਤੋਸ਼ ਆਚਾਰੀਯ, ਪੰਨਾ 156
8. ਗੁਰਬਾਣੀ-ਚਿੰਤਨ, ਦੀਵਾਨ ਸਿੰਘ, ਪੰਨਾ 27
9. ਸਿੱਖ ਦਰਸ਼ਨਧਾਰਾ, ਵਜੀਰ ਸਿੰਘ, ਪੰਨਾ 87
10. ਗੁਰੂ ਗਿਰਾਰਥ ਕੋਸ਼ (ਦੂਜੀ ਜਿਲਦ) ਕ੍ਰਿਤ ਪੰਡਿਤ ਤਾਰਾ ਸਿੰਘ ਨਰੋਤਮ, ਹਰਭਜਨ ਸਿੰਘ (ਸੰਪਾ.), ਪੰਨਾ 282
11. ਸ੍ਰੀ ਗੁਰੂ ਗ੍ਰੰਥ ਕੋਸ਼ (ਦੂਜੀ ਜਿਲਦ), ਗੁਰਚਰਨ ਸਿੰਘ (ਸੰਪ.) ਪੰਨਾ 1772
12. *श्रीमदाहनर्शकराचार्य विरंजित विवेक – चूड़ामणि, मुनिलाल (अनु), पृष्ट 202*
13. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਮੋਹਨ ਸਿੰਘ, ਪੰਨਾ: 49
14. *भर्तृहरि शतक, में ज्वाला प्रसाद चतुर्वेदी (अनु) 2001, पृष्ट 43*
15. ਗੁਰਬਾਣੀ-ਵੇਦਾਂਤ ਨਿਰਨੈ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਪੰਨਾ 12
16. ਵਿਚਾਰ-ਸਾਗਰ (ਹਿੰਦੀ), ਚਮਨ ਲਾਲ ਗੌਤਮ (ਸੰਪ.), ਪੰਨਾ 23-24
17. ਸ੍ਰੀ ਦਸਮ ਗ੍ਰੰਥ, ਬਚਿਤ੍ਰ ਨਾਟਕ, ਅੰਗ 135


**ਬਾਕੀ ਅਗਲੇ ਅੰਕ 'ਚ.....**

ਆਓ ਜਾਣੀਏ

# ਸੁਆਲ-ਜੁਆਬ

**ਨਵਪ੍ਰੀਤ ਸਿੰਘ**
ਜ਼ੋਨਲ ਪ੍ਰਧਾਨ, ਹੁਸ਼ਿਆਰਪੁਰ ਜ਼ੋਨ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਮੋ. 88720-10691

**ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਅਕਾਦਮਿਕ ਕੌਂਸਲ ਦੇ ਪ੍ਰਬੰਧ ਹੇਠ ਵੀਡੀਓ ਕਾਨਫਰੰਸਿੰਗ ਰਾਹੀਂ ਵਿਰਸਾ ਕੈਂਪ-2020 ਦਾ ਆਯੋਜਨ ਕੀਤਾ ਗਿਆ ਸੀ। ਇਸ ਕੈਂਪ ਵਿਚ ਵਿਦਿਆਰਥੀਆਂ ਵਲੋਂ ਪੁੱਛੇ ਗਏ ਸੁਆਲਾਂ 'ਤੇ ਆਧਾਰਿਤ ਸੁਆਲ-ਜੁਆਬ ਕਾਲਮ ਦੀ ਆਰੰਭਤਾ ਕੀਤੀ ਗਈ ਹੈ। ਆਸ ਹੈ ਨੌਜੁਆਨਾਂ ਅਤੇ ਵਿਦਿਆਰਥੀਆਂ ਦੇ ਨਾਲ ਨਾਲ ਆਮ ਪਾਠਕ ਵੀ ਲਾਹਾ ਪ੍ਰਾਪਤ ਕਰਨਗੇ। -ਮੁੱਖ ਸੰਪਾਦਕ**

☛ ਜਦੋਂ ਭਾਈ ਸਾਹਿਬ ਤੋਂ ਅਰਦਾਸ ਕਰਵਾਉਂਦੇ ਹਾਂ ਤਾਂ ਉਦੋਂ ਮਾਇਆ ਹੱਥ ਵਿਚ ਫੜਾਉਣੀ ਚਾਹੀਦੀ ਜਾਂ ਬਾਅਦ ਵਿਚ?

✦ ਅਰਦਾਸ ਕਰਦੇ ਸਮੇਂ ਅਰਦਾਸੀਏ ਸਿੰਘ ਅਤੇ ਸੰਗਤਾਂ ਨੂੰ ਆਪਣਾ ਧਿਆਨ ਗੁਰੂ ਵੱਲ ਇਕਾਗਰ ਕਰਕੇ ਰੱਖਣਾ ਚਾਹੀਦਾ ਹੈ। ਅਰਦਾਸ ਸਮੇਂ ਜੋ ਜਿੱਥੇ ਹੋਵੇ ਸਾਵਧਾਨ ਹੋ ਕੇ ਦੁਇ ਹੱਥ ਜੋੜ ਕੇ ਖੜ੍ਹਾ ਹੋਵੇ। ਭਾਈ ਸਾਹਿਬ ਨੂੰ ਅਰਦਾਸ ਕਰਦੇ ਸਮੇਂ ਟੋਕਣਾ, ਧਿਆਨ ਭੰਗ ਕਰਨਾ ਹੈ ਜੋ ਕਿ ਬਿਲਕੁਲ ਸ਼ੋਭਾ ਨਹੀਂ ਦਿੰਦਾ। ਇਸ ਬਾਬਤ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਗੁਰਮਤ ਮਾਰਤੰਡ (ਛਾਪਕ : ਸ਼੍ਰੋ. ਗੁ. ਪ੍ਰ. ਕਮੇਟੀ) ਦੇ ਪੰਨਾ 38 'ਤੇ ਅਰਦਾਸ ਸਿਰਲੇਖ ਹੇਠ ਲਿਖਦੇ ਹਨ :-

"ਅਰਦਾਸੀਏ ਸਿੰਘ ਨੂੰ ਟਕਾ, ਰੁਪਯਾ ਆਦਿਕ ਅਰਦਾਸ ਕਰਾਈ ਦੀ ਭੇਟਾ ਦੇਣੀ ਭੀ ਮਰਯਾਦਾ ਵਿਰੁੱਧ ਹੈ, ਅਰਦਾਸ ਦੀ ਉਜਰਤ ਗੁਰਮਤਿ ਵਿਚ ਵਿਧਾਨ ਨਹੀਂ।

☛ **ਅਸੀਂ ਗੁਰਬਾਣੀ ਅਨੁਸਾਰ ਪੂਰਨ ਕਿਰਪਾ ਦੇ ਪਾਤਰ ਕਿਵੇਂ ਬਣ ਸਕਦੇ ਹਾਂ?**

✦ ਗੁਰਬਾਣੀ ਅਨੁਸਾਰ ਅਸੀਂ ਵਾਹਿਗੁਰੂ ਦੇ ਹੁਕਮ ਅੰਦਰ ਚੱਲ ਕੇ ਭਾਵ ਗੁਰੂ ਉਪਦੇਸ਼ਾਂ ਨੂੰ ਅਮਲੀ ਰੂਪ ਵਿਚ ਕਮਾ ਕੇ ਹੀ ਕਿਰਪਾ ਦੇ ਪਾਤਰ ਬਣ ਸਕਦੇ ਹਾਂ। ਗੁਰੂ ਅਮਰਦਾਸ ਜੀ ਦਾ ਗੂਜਰੀ ਰਾਗ ਵਿਚ ਫੁਰਮਾਣ ਹੈ :

ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ।।

(ਅੰਗ 490)

☛ **ਸੋਸ਼ਲ ਮੀਡਿਆ 'ਤੇ ਕੁਝ ਜਥੇਬੰਦੀਆਂ ਦਾ ਆਪਸੀ ਟਕਰਾਅ ਚੱਲ ਰਿਹਾ ਹੈ, ਇਸ ਬਾਰੇ ਦੱਸੋ ਜੀ।**

✦ ਕਿਸੇ ਵੀ ਮਸਲੇ ਨੂੰ ਹੱਲ ਕਰਨ ਲਈ ਗੁਰਬਾਣੀ ਸਾਡਾ ਮਾਰਗ ਦਰਸ਼ਨ ਕਰਦੀ ਹੈ। ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਬਸੰਤ ਹਿੰਡੋਲ ਰਾਗ ਵਿਚ ਫ਼ੁਰਮਾਉਂਦੇ ਹਨ :

"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।। ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ।।" ਸੋ ਹਰ ਵਿਵਾਦ ਜਾਂ ਮਤਭੇਦ ਨੂੰ ਦੂਰ ਜਾਂ ਹੱਲ ਕਰਨ ਲਈ ਗੁਰੂ ਭੈ-ਭਾਵਨੀ ਵਾਲੀ ਸਕਾਰਾਤਮਕ ਪਹੁੰਚ ਵਿਧੀ ਅਪਨਾਉਣੀ ਚਾਹੀਦੀ ਹੈ। ਵਡੇਰੇ ਪੰਥਕ ਹਿੱਤਾਂ ਅਤੇ ਇਕਸੁਰਤਾ ਨੂੰ ਮੁੱਖ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਹੀ ਮਸਲੇ ਹੱਲ ਕਰਨੇ ਚਾਹੀਦੇ ਹਨ।

☛ **"ਸਹਿਜਧਾਰੀ ਸਿੱਖ" ਇਹ ਵਿਚਾਰਧਾਰਾ ਕਦੋਂ ਹੋਂਦ ਵਿਚ ਆਈ। ਇਸ ਸ਼ਬਦ ਦੀ ਕੀ ਪਰਿਭਾਸ਼ਾ ਹੈ?**

✦ ਸਹਿਜਧਾਰੀ ਤੋਂ ਭਾਵ ਜੋ ਹੌਲੀ-ਹੌਲੀ ਸਿੱਖੀ ਵਾਲੇ ਸੰਸਕਾਰ ਧਾਰਨ ਕਰ ਰਿਹਾ ਹੈ। ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ 'ਤੇ ਉਸ ਦਾ ਭਰੋਸਾ ਹੈ। ਸਹਿਜੇ-ਸਹਿਜੇ ਸਿੱਖੀ ਵੱਲ ਵਧ ਰਿਹਾ ਹੈ। ਸਾਰੇ ਘਰੇਲੂ ਤੇ ਸਮਾਜਿਕ ਕਾਰਜ, ਸਿੱਖੀ ਮਰਯਾਦਾ ਅਨੁਸਾਰ ਕਰਦਾ ਹੈ।

ਜੋ ਪ੍ਰਾਣੀ ਰੋਮਾਂ ਦੀ ਬੇਅਦਬੀ ਕਰਦਾ ਹੈ, ਨਸ਼ਿਆਂ ਦਾ ਸੇਵਨ ਕਰਦਾ ਹੈ, ਉਸ ਨੂੰ ਸਹਿਜਧਾਰੀ ਸਿੱਖ ਨਹੀਂ ਆਖਿਆ ਜਾ ਸਕਦਾ।

'ਸਹਿਜਧਾਰੀ' ਇਹ ਵਿਚਾਰਧਾਰਾ ਕਦੋਂ ਹੋਂਦ ਵਿਚ ਆਈ, ਬਾਬਤ ਕੁੱਝ ਵਿਦਵਾਨਾਂ ਜਿਨ੍ਹਾਂ 'ਚ ਭਾਈ ਕਾਨ੍ਹ ਸਿੰਘ ਨਾਭਾ ਆਪਣੀ ਪੁਸਤਕ ਗੁਰਮਤ ਮਾਰਤੰਡ (ਛਾਪਕ : ਸ਼੍ਰੋ. ਗੁ. ਪ੍ਰ. ਕਮੇਟੀ) ਵਿਚ ਇਸ ਤਰ੍ਹਾਂ ਅੰਕਿਤ ਕਰਦੇ ਹਨ :-

ਜਿਵੇਂ ਬੰਦਈ ਸਿੱਖਾਂ ਦੇ ਮੁਕਾਬਲੇ ਤੱਤ ਖਾਲਸਾ ਸ਼ਬਦ ਵਰਤੋਂ ਵਿਚ ਆਇਆ ਸੀ, ਤਿਵੇਂ ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘਾਂ ਦੇ ਮੁਕਾਬਲੇ "ਸਹਿਜਧਾਰੀ" ਸ਼ਬਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ, ਜੋ ਪੂਰੀ ਰਹਿਤ ਨਹੀਂ ਰੱਖਦੇ ਸਨ, ਪਰ ਬਾਕੀ ਸਾਰੇ ਨਿਯਮ ਸਿੱਖ ਧਰਮ ਦੇ ਦ੍ਰਿੜ/ਧਾਰਨ ਕਰਦੇ ਸਨ।

☛ **ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਿਹੜੇ ਕਿਹੜੇ ਲੈਕਚਰ ਪ੍ਰਮਾਣਿਤ ਹਨ? ਕਿਉਂਕਿ ਅੱਜ ਦੇ ਸਮੇਂ ਵਿਚ ਬਹੁਤ ਗਲਤ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ?**

✦ ਇਸ ਸਬੰਧੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦਿਸ਼ਾ ਨਿਰਦੇਸ਼ ਦਿੰਦੀ ਹੈ ਜੋ ਕਿ 'ਗੁਰਬਾਣੀ ਦੀ ਕਥਾ' ਸਿਰਲੇਖ ਹੇਠ ਇਸ ਤਰ੍ਹਾਂ ਹੈ: ਕਥਾ ਦਾ ਮਨੋਰਥ ਗੁਰਮਤਿ ਦ੍ਰਿੜਾਉਣਾ ਹੀ ਹੋਵੇ। ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ

ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦੀ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉੱਤਮ ਸਿੱਖਿਆ ਦਾ ਲਿਆ ਜਾ ਸਕਦਾ ਹੈ। ਸੋ ਇਤਿਹਾਸ ਜਾਂ ਸਾਖੀ ਨੂੰ ਪਹਿਲਾਂ ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਹੀ ਸੰਗਤਾਂ ਦੇ ਸਨਮੁੱਖ ਰੱਖਣਾ ਚਾਹੀਦਾ ਹੈ।

☛ **ਕੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਪੰਥ ਦੇ ਇਤਿਹਾਸਕਾਰਾਂ ਨੂੰ ਨਾਮਜ਼ਦ ਨਹੀਂ ਕੀਤਾ ਜਾ ਸਕਦਾ ਤਾਂ ਕਿ ਉਹ ਪੂਰੀ ਖੋਜ ਕਰਕੇ ਸਹੀ ਇਤਿਹਾਸ ਪੜ੍ਹਾਉਣ। ਹਰ ਕੋਈ ਕਿਤਾਬ ਨਾ ਛਾਪ ਸਕੇ, ਇਸ 'ਤੇ ਵੀ ਪਾਬੰਦੀ ਲਗਾਉਣੀ ਚਾਹੀਦੀ ਹੈ?**

✦ ਤੁਹਾਡਾ ਸੁਝਾਅ ਵੱਡਮੁੱਲਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ ਵਿਚ ਪ੍ਰਵਾਨਿਤ ਵਿਦਵਾਨਾਂ ਦੀ ਕਮੇਟੀ ਬਣਾ ਕੇ ਸਾਰੇ ਇਤਿਹਾਸਕ ਸਰੋਤਾਂ ਦੀ ਸੁਧਾਈ ਕਰਨੀ ਚਾਹੀਦੀ ਹੈ। ਗੁਰਮਤਿ ਤੋਂ ਉਲਟ ਸਾਰੀਆਂ ਗੱਲਾਂ ਨੂੰ ਦੂਰ ਕਰਨਾ ਚਾਹੀਦਾ ਹੈ। ਇਸ ਸਬੰਧ ਵਿਚ ਕੁੱਝ ਯਤਨ ਹੋ ਵੀ ਰਹੇ ਹਨ। ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਸ਼੍ਰੋ. ਗੁ. ਪ੍ਰੰ. ਕਮੇਟੀ ਨੇ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ' ਪ੍ਰੋਜੈਕਟ ਸਥਾਪਤ ਕੀਤਾ ਹੈ, ਜਿਸ ਰਾਹੀਂ ਸਿੱਖ ਇਤਿਹਾਸਕ ਸਰੋਤਾਂ (ਗ੍ਰੰਥਾਂ) ਨੂੰ ਸੰਪਾਦਨ ਕਰਨ ਦਾ ਕਾਰਜ ਚੱਲ ਰਿਹਾ ਹੈ।

☛ **ਸ੍ਰੀ ਦਰਬਾਰ ਸਾਹਿਬ ਜਦੋਂ ਪ੍ਰਕਾਸ਼ ਹੁੰਦਾ ਹੈ ਉਦੋਂ ਕੱਚੀ ਲੱਸੀ ਨਾਲ ਜਗ੍ਹਾ ਧੋਤੀ ਜਾਂਦੀ ਹੈ। ਕੀ ਇਹ ਸਹੀ ਹੈ ਜਾਂ ਗਲਤ?**

✦ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਸਬੰਧ ਵਿਚ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਗੁਰਦੁਆਰੇ ਸਿਰਲੇਖ ਹੇਠ ਇਸ ਤਰ੍ਹਾਂ ਦਰਜ਼ ਹੈ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼-ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ।

ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਅੰਦਰ ਪ੍ਰਕਾਸ਼ ਅਸਥਾਨ ਵਾਲੀ ਜਗ੍ਹਾ ਨੂੰ ਕੱਚੀ ਲੱਸੀ ਨਾਲ ਧੋਣਾ ਪੁਰਾਣੀ ਰਿਵਾਇਤ ਹੈ।

☛ **ਅੰਦਰੋਂ ਅਤੇ ਬਾਹਰੋਂ ਇਕ ਕਿਵੇਂ ਹੋਈਏ? ਸਾਡੇ ਅੰਦਰ ਕੁਝ ਹੋਰ ਹੈ ਤੇ ਬਾਹਰੋਂ ਕੁਝ ਹੋਰ?**

✦ ਅਨੰਦੁ ਸਾਹਿਬ ਵਿਚ ਗੁਰੂ ਅਮਰਦਾਸ ਜੀ 20ਵੀਂ ਪਉੜੀ ਰਾਹੀਂ ਸਮਝਾਉਂਦੇ ਹਨ :

"ਜੀਅਹੁ ਨਿਰਮਲ ਬਾਹਰਹੁ ਨਿਰਮਲ, ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ।।" ਭਾਵ ਜੋ ਬੰਦੇ ਆਚਰਨ ਉਸਾਰੀ ਦੀ ਉਹ ਕਮਾਈ ਕਰਦੇ ਹਨ, ਜਿਸ ਦੀ ਹਿਦਾਇਤ ਗੁਰੂ ਤੋਂ ਮਿਲਦੀ ਹੈ, ਉਹ ਮਨੋਂ ਭੀ ਪਵਿੱਤਰ ਹੁੰਦੇ ਹਨ ਤੇ ਬਾਹਰੋਂ ਭੀ ਪਵਿੱਤਰ ਹੁੰਦੇ ਹਨ। ਗੁਰਬਾਣੀ ਨੂੰ ਅਮਲੀ ਰੂਪ ਵਿਚ ਜੀਅ ਕੇ ਹੀ ਅੰਦਰੋਂ ਬਾਹਰੋਂ ਇਕ ਹੋ ਸਕਦੇ ਹਾਂ।

☛ **ਕਿਸੇ ਵੀ ਵਿਅਕਤੀ ਨੂੰ ਕਿਵੇਂ ਜਾਣ ਸਕਦੇ ਹਾਂ ਕਿ ਉਹ ਸਾਡੇ ਲਈ ਚੰਗਾ ਹੈ ਜਾਂ ਮਾੜਾ? ਉਸ ਨੂੰ ਬੁਲਾਉਣਾ ਚਾਹੀਦਾ ਹੈ ਜਾਂ ਨਹੀਂ?**

✦ ਕਿਸੇ ਵੀ ਵਿਅਕਤੀ ਨੂੰ ਉਸ ਦੇ ਵਿਵਹਾਰ ਤੋਂ ਹੀ ਜਾਣ ਸਕਦੇ ਹਾਂ, ਇਸ ਵਿਚ ਕੁਝ ਸਮਾਂ ਵੀ ਲੱਗ ਸਕਦਾ ਹੈ। ਗੁਰਮਤਿ ਸੇਧ ਬਖਸ਼ਦੀ ਹੈ ਕਿ ਗੁਰਮੁਖਾਂ ਨਾਲ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ, ਇਸ ਤਰ੍ਹਾਂ ਅੰਦਰੋਂ ਔਗੁਣ ਤਿਆਗ ਕੇ ਜੀਵਨ-ਰਾਹ 'ਤੇ ਤੁਰ ਸਕੀਦਾ ਹੈ। "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ।।" ਅਤੇ "ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ।। ਮੂਰਖੈ ਨਾਲਿ ਨ ਲੁਝੀਐ"।।

☛ ਇਕ ਵਾਰ ਮੈਂ ਗੁਰਦੁਆਰੇ ਲੰਗਰ ਦੀ ਸੇਵਾ ਕਰਵਾਈ ਸੀ ਤਾਂ ਮੈਂ ਨੋਟ ਕੀਤਾ ਕਿ ਤਵੀ ਨੂੰ ਸਾਫ਼ ਕਰਨ ਲਈ ਇਕ ਆਂਟੀ ਨੇ ਝਾੜੂ ਦਾ ਇਸਤੇਮਾਲ ਕੀਤਾ, ਕਪੜੇ ਨਾਲ ਵੀ ਸਾਫ਼ ਕਰ ਸਕਦੇ ਸੀ?

✦ ਗੁਰਦੁਆਰੇ ਵਿਚ ਸੰਗਤ ਅਤੇ ਪੰਗਤ ਅਹਿਮ ਸਥਾਨ ਰੱਖਦੇ ਹਨ। ਮਨ ਦੀ ਤ੍ਰਿਪਤੀ ਸੰਗਤ ਕਰਕੇ ਮਿਟਦੀ ਹੈ ਅਤੇ ਤਨ ਦੀ ਭੁੱਖ ਪੰਗਤ ਵਿਚੋਂ। ਇਸ ਲਈ ਜ਼ਰੂਰੀ ਹੈ ਲੰਗਰ ਬਹੁਤ ਹੀ ਸਾਵਧਾਨਤਾ ਅਤੇ ਸਵੱਛਤਾ ਨਾਲ ਬਣਾਇਆ ਜਾਵੇ।

ਲੰਗਰ ਵਾਲੀ ਤਵੀ ਨੂੰ ਸਾਫ਼ ਕਰਨ ਲਈ ਯੋਗ ਤਰੀਕਾ ਅਪਨਾਉਣਾ ਚਾਹੀਦਾ ਹੈ। ਸਾਫ਼ ਅਣਵਰਤਿਆ ਝਾੜੂ ਜਾਂ ਕਪੜਾ ਵਰਤਿਆ ਜਾ ਸਕਦਾ ਹੈ।

☛ **ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਸਾਡਾ ਪੂਰਾ ਧਿਆਨ ਗੁਰਬਾਣੀ ਪੜ੍ਹਣ ਵਿੱਚ ਨਹੀਂ ਹੁੰਦਾ, ਅਸੀਂ ਦੂਸਰੇ ਖਿਆਲ ਮਨ ਵਿਚ ਨਾ ਲਿਆ ਕੇ ਗੁਰਬਾਣੀ ਨੂੰ ਧਿਆਨ ਨਾਲ ਕਿਵੇਂ ਪੜ੍ਹ ਸਕਦੇ ਹਾਂ?**

✦ ਭਟਕਦਾ ਮਨ ਤਾਂ ਗੁਰੂ ਦੇ ਸ਼ਬਦ ਦੁਆਰਾ ਹੀ ਕਾਬੂ ਵਿਚ ਆ ਸਕਦਾ ਹੈ। ਮਨ ਨਾ ਟਿਕੇ ਤਾਂ ਪਾਠ ਕਰਨਾ ਨਹੀਂ ਛੱਡਣਾ, ਬਲਕਿ ਲਗਾਤਾਰ ਉਦਮ ਕਰਕੇ ਮਨ ਨੂੰ ਟਿਕਾਉਣਾ ਹੈ। ਧਿਆਨ ਨਾ ਲੱਗਣ ਦਾ ਕਾਰਣ ਦੂਰ ਕਰਨ ਲਈ ਗੁਰਬਾਣੀ ਅਰਥ ਸਟੀਕ ਲੈ ਕੇ ਸਮਝੀਏ। ਯਤਨ ਹੋਵੇ ਕਿ ਪਾਠ ਸਹਿਜੇ ਸਹਿਜੇ, ਹਰ ਵਿਸ਼ਰਾਮ 'ਤੇ ਰੁੱਕ ਕੇ ਕੀਤਾ ਜਾਵੇ। ਠੀਕ ਵਿਸ਼ਰਾਮ ਲਾ ਕੇ ਪਾਠ ਕਰਨ ਨਾਲ ਵੀ ਬਹੁਤ ਸਾਰੇ ਅਰਥ ਸਪੱਸ਼ਟ ਹੁੰਦੇ ਜਾਂਦੇ ਹਨ, ਇਸ ਦਾ ਅਨੰਦ ਵੀ ਆਉਂਦਾ ਹੈ ਤੇ ਧਿਆਨ ਵੀ ਜੁੜਦਾ ਹੈ। ਮਨ ਦੀ ਇਕਾਗਰਤਾ ਲਈ ਗੁਰੂ ਅੱਗੇ ਵੀ ਸ਼ਰਧਾ ਨਾਲ ਅਰਦਾਸ ਕਰੋ।

ਪਾਠ ਵਿਚ ਮਨ ਦੀ ਇਕਾਗਰਤਾ ਵਾਸਤੇ ਹੇਠ ਲਿਖੀਆਂ ਗੱਲਾਂ ਵੀ ਧਿਆਨ ਗੋਚਰੇ ਰੱਖ ਸਕਦੇ ਹਾਂ :

ੳ) ਪਾਠ ਕਰਨ ਵੇਲੇ ਪੇਟ ਭਰਿਆ ਨਾ ਹੋਵੇ ਅਤੇ ਨਾ ਹੀ ਸਰੀਰ ਥੱਕਿਆ-ਟੁੱਟਿਆ ਜਾਂ ਉਨੀਂਦਰਾ ਹੋਵੇ।

ਅ) ਇਕਾਂਤ ਥਾਂ 'ਤੇ ਬੈਠ ਕੇ ਪਾਠ ਕੀਤਾ ਜਾਵੇ।

ੲ) ਪਾਠ ਕਰਨ ਵੇਲੇ ਸੁਰਤ ਨੂੰ ਸ਼ਬਦ ਵਿਚ ਟਿਕਾਈ ਰੱਖਣ ਦਾ ਯਤਨ ਕਰੋ। ਪਾਠ ਬੋਲ ਕੇ ਕਰੋ ਅਤੇ ਸੁਣੋ।

ਸ) ਨਿੱਤਨੇਮ ਕਰਨਾ ਅਨੰਦ ਅਤੇ ਰਸ ਲੈਣ ਦਾ ਵਿਸ਼ਾ ਹੈ। ◆

ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ

**ਡਾ. ਕੁਲਵੰਤ ਸਿੰਘ ਰਾਣਾ**
ਐਸੋਸੀਏਟ ਪ੍ਰੋਫੈਸਰ
ਪੋਸਟ ਗਰੈਜੂਏਟ ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ, ਹੁਸ਼ਿਆਰਪੁਰ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸਮਾਜ ਦੇ ਲੋਕਾਂ ਉਪਰ ਮੁਗਲਾਂ ਵਲੋਂ ਜ਼ੁਲਮ ਕੀਤੇ ਜਾ ਰਹੇ ਸਨ। ਲੋਕਾਂ ਨੂੰ ਧਰਮ ਬਦਲਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਗੁਰੂ ਜੀ ਨੇ ਬੜੇ ਹੀ ਸੰਤੋਖ ਅਤੇ ਧੀਰਜ਼ ਨਾਲ ਅਜਿਹੇ ਜ਼ਬਰ ਅਤੇ ਜ਼ੁਲਮ ਦਾ ਡੱਟ ਕੇ ਵਿਰੋਧ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਅਤੇ ਮਾਤਾ ਨਾਨਕੀ ਜੀ ਦੇ ਘਰ 1 ਅਪ੍ਰੈਲ, 1621 ਈ: ਨੂੰ ਗੁਰੂ ਕੇ ਮਹਿਲ, ਬਕਾਲਾ (ਅੰਮ੍ਰਿਤਸਰ) ਵਿਖੇ ਅਵਤਾਰ ਧਾਰਿਆ। ਆਪ ਜੀ ਦੇ ਬਚਪਨ ਦਾ ਨਾਂ ਤਿਆਗ ਮੱਲ ਸੀ। ਆਪ ਜੀ ਦੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਮੁਗਲਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਅਤੇ ਆਪਣੀ ਕੌਮ ਨੂੰ ਬਚਾਉਣ ਖਾਤਿਰ ਮੀਰੀ ਅਤੇ ਪੀਰੀ ਨਾਂ ਦੀਆਂ ਦੋ ਤਲਵਾਰਾਂ ਪਹਿਨੀਆਂ। ਆਪ ਜੀ ਨੇ ਜ਼ਾਲਮ ਹਕੂਮਤ ਨਾਲ ਟੱਕਰ ਲੈਣ ਲਈ ਆਪਣੀ ਤੇਗ ਦਾ ਜ਼ੌਹਰ ਦਿਖਾਇਆ। ਇਸ ਉਪਰੰਤ ਗੁਰੂ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਰੱਖ ਦਿੱਤਾ ਗਿਆ।

ਪਰਮਾਤਮਾ ਪ੍ਰਤੀ ਸੱਚੀ ਲਗਨ ਅਤੇ ਦੇਸ਼ ਤੇ ਕੌਮ ਦੇ ਸਹੀ ਰੱਖਿਅਕ ਹੋਣ ਕਰਕੇ 11 ਅਗਸਤ, 1664 ਈ: ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਆਪ ਜੀ ਨੂੰ ਗੁਰਗੱਦੀ ਸੌਂਪ ਦਿੱਤੀ ਗਈ। ਆਪਣੇ ਗੁਰੂ ਕਾਲ ਦੌਰਾਨ ਗੁਰੂ ਤੇਗ ਬਹਾਦਰ ਜੀ ਨੂੰ ਮੁਗਲਾਂ ਦਾ ਮੁਕਾਬਲਾ ਕਰਨ ਲਈ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਆਪ ਜੀ ਨੇ ਕਦੇ ਵੀ ਈਨ ਨਾ ਮੰਨੀ। ਆਪ ਸਰਵ ਸਾਂਝੇ ਗੁਰੂ ਸਨ। ਇਸੇ ਲਈ ਹਿੰਦੂ ਕੌਮ ਨੂੰ ਬਚਾਉਣ ਵਾਸਤੇ ਗੁਰੂ ਜੀ ਤੱਤਕਾਲੀਨ ਜ਼ਾਲਮ ਮੁਗਲ ਬਾਦਸ਼ਾਹ ਔਰੰਗਜੇਬ ਨਾਲ ਟੱਕਰ ਲੈਂਦੇ ਹਨ ਅਤੇ ਸਿੱਟੇ ਵਜੋਂ ਦਿੱਲੀ ਸਥਿਤ ਚਾਂਦਨੀ ਚੌਂਕ ਵਿਖੇ ਆਪ 11 ਨਵੰਬਰ,1675 ਈ: ਨੂੰ ਸ਼ਹੀਦੀ ਦੇ ਦਿੰਦੇ ਹਨ। ਉਸ ਸਮੇਂ ਆਪ ਜੀ ਦੇ ਬਹਾਦਰ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ਨੌਂ ਵਰ੍ਹੇ ਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਸਬੰਧੀ ਡਾ. ਤਾਰਨ ਸਿੰਘ ਲਿਖਦੇ ਹਨ:

"ਆਪ ਨੇ ਪੂਰਨ ਗੁਰੂ ਦੇ ਤੌਰ 'ਤੇ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ। ਇਕ ਮਹਾਨ ਕਵੀ ਦੇ ਰੂਪ ਵਿਚ ਅਧਿਆਤਮਕ ਤੌਰ 'ਤੇ ਉੱਚ ਪੱਧਰ ਦੀ ਬਾਣੀ ਰਚਨਾ ਕੀਤੀ। ਇਕ ਮਹਾਂਮਾਨਵ ਦੇ ਰੂਪ ਵਿਚ ਆਪ ਨੇ ਸਿੱਖ ਧਰਮ ਦੇ ਲਈ ਹੀ ਨਹੀਂ ਸਗੋਂ ਹਿੰਦੂ ਧਰਮ ਦੀ ਰੱਖਿਆ ਲਈ ਪ੍ਰਾਣ ਨਿਛਾਵਰ ਕੀਤੇ।"

(ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ-434)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ 59 ਸ਼ਬਦਾਂ, 57 ਸ਼ਲੋਕਾਂ ਰਾਹੀਂ 15 ਰਾਗਾਂ ਵਿਚ ਮਿਲਦੀ ਹੈ। ਵੈਰਾਗ ਨੂੰ ਗੁਰੂ ਜੀ ਨੇ ਆਪਣੀ ਸਮੁੱਚੀ ਬਾਣੀ ਦਾ ਕੇਂਦਰੀ ਧੁਰਾ ਮੰਨਿਆ ਹੈ। ਗੁਰੂ ਜੀ ਦੀ ਸਮੁੱਚੀ ਬਾਣੀ ਮਨੁੱਖੀ ਜੀਵਨ ਵਿਚ ਆਏ ਵੈਰਾਗ ਦੀ ਵਿਆਖਿਆ ਕਰਦੀ ਜਾਪਦੀ ਹੈ।

ਸੰਸਾਰਕ ਨਾਸ਼ਮਾਨਤਾ ਦਾ ਵਰਣਨ ਵੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਿਲਦਾ ਹੈ। ਦਲੀਪ ਸਿੰਘ ਦੀਪ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਨਾਸ਼ਵਾਨਤਾ ਦੇ ਸਿਧਾਂਤ ਬਾਰੇ ਲਿਖਿਆ ਹੈ ਕਿ ਅਜੋਕੇ ਪ੍ਰਸੰਗ ਵਿਚ ਇਹ ਨਾਸ਼ਮਾਨਤਾ ਦੀ ਸੋਝੀ ਕਰਾਉਂਦੀ ਬਾਣੀ ਮਨੁੱਖ ਨੂੰ ਭਟਕਣਾਂ ਅਤੇ ਅਸ਼ਾਂਤੀ ਦਾ ਮਾਰਗ ਛੱਡ ਕੇ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਕੇ ਸੰਤੁਸ਼ਟੀ ਦੀ ਭਾਲ ਵੱਲ ਪ੍ਰੇਰਦੀ ਹੈ।

(ਦਲੀਪ ਸਿੰਘ ਦੀਪ, ਗੁਰੂ ਤੇਗ ਬਹਾਦਰ ਜੀਵਨ ਤੇ ਦਰਸਨ, ਪੰਨਾ-68)

ਗੁਰੂ ਜੀ ਨੇ ਇਸ ਉਪਰ ਬੱਲ ਦਿੱਤਾ ਹੈ ਕਿ ਇਹ ਦਿਸਦਾ ਜਗਤ ਨਾਸ਼ਵਾਨ ਹੈ ਅਤੇ ਇਸ ਵਿਚ ਕੋਈ ਵੀ ਮਨੁੱਖ ਚਿਰ ਸਥਾਈ ਨਹੀਂ ਰਹਿ ਸਕਦਾ। ਇਕ ਨਾ ਇਕ ਦਿਨ ਹਰ ਇਕ ਜੀਵ ਨੂੰ ਇਹ ਸੰਸਾਰ ਛੱਡ ਕੇ ਨਵੇਂ ਚੋਲੇ ਵਿਚ ਪ੍ਰਵੇਸ਼ ਕਰਨਾ ਹੈ। ਸਮਾਜਿਕ ਰਿਸ਼ਤੇ-ਨਾਤੇ, ਧਨ ਦੌਲਤ, ਸ਼ਾਨੋ-ਸ਼ੌਕਤ ਸਭ ਬੇਕਾਰ ਹੈ। ਕੇਵਲ ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਦੇ ਰਾਹ ਵਿਚ ਰੋੜਾ ਬਣਦੇ ਹਨ। ਸੰਸਾਰਕ ਨਾਸ਼ਮਾਨਤਾ ਦੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਬੇਵਾਕ ਪੇਸ਼ਕਾਰੀ ਕੀਤੀ ਹੈ:

**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।।**
**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।।**
**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।।**

**(ਅੰਗ-219)**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮੁੱਖ ਉਦੇਸ਼ ਹਰੇਕ ਪ੍ਰਕਾਰ ਦੇ ਬੰਧਨ ਤੋਂ ਨਿਰਲੇਪ ਰਹਿ ਕੇ ਜੀਵਨ ਜੀਉਣਾ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖੋਂ ਪਿਛੜੇ ਹੋਏ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਮਨੁੱਖ ਦੇ ਦੁਖੀ ਰਹਿਣ ਦਾ ਕਾਰਨ ਗੁਰੂ ਜੀ ਇਹ ਮੰਨਦੇ ਹਨ ਕਿ ਉਸ ਨੂੰ ਸੰਸਾਰਕ ਪਦਾਰਥਾਂ ਦੇ ਖੁਸਣ ਦਾ ਡਰ ਹੈ। ਮੌਤ ਦਾ ਡਰ ਵੀ ਮਨੁੱਖ ਨੂੰ ਹਰ ਵਕਤ ਸਤਾਉਂਦਾ ਰਹਿੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਜੀਵ ਨੂੰ ਆਪਣੇ ਅੰਦਰੋਂ ਮੌਤ ਦਾ ਡਰ ਕੱਢਣ ਦਾ ਸੰਦੇਸ਼ ਦਿੱਤਾ ਹੈ ਕਿਉਂਕਿ ਮੌਤ ਅਟੱਲ ਹੈ, ਇਸ ਤੋਂ ਕੋਈ ਵੀ ਬਚ ਨਹੀਂ ਸਕਦਾ। ਅਸਲ ਵਿਚ ਜਦੋਂ ਮਨੁੱਖ ਪਰਮਾਤਮਾ ਦੀ ਸੱਚੇ ਮਨੋਂ ਭਗਤੀ ਕਰਕੇ ਉਸ ਨਾਲ ਸੱਚਾ ਰਿਸ਼ਤਾ ਕਾਇਮ ਕਰ ਲੈਂਦਾ ਹੈ ਤਾਂ ਉਸ ਅੰਦਰੋਂ ਇਹ ਮੌਤ ਦਾ ਡਰ ਸਦਾ ਲਈ ਖ਼ਤਮ ਹੋ ਜਾਂਦਾ ਹੈ। ਜਿਸ ਜੀਵ ਨੂੰ ਪਰਮਾਤਮਾ ਦੀ ਹੋਂਦ ਦਾ ਸੱਚਾ ਗਿਆਨ ਹਾਸਿਲ ਹੋ ਜਾਂਦਾ ਹੈ ਅਰਥਾਤ ਉਹ ਜਦੋਂ ਗਿਆਨੀ ਬਣ ਜਾਂਦਾ ਹੈ ਤਾਂ ਉਸ ਅੰਦਰ ਕਿਸੇ ਪ੍ਰਕਾਰ ਡਰ ਨਹੀਂ ਰਹਿੰਦਾ। ਉਹ ਹਰ ਪ੍ਰਕਾਰ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।੧੬।।**

**(ਅੰਗ 1427)**

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਗੁਰੂ ਦੇ ਮਹੱਤਵ ਉਪਰ ਵਿਸ਼ੇਸ਼ ਬਲ ਦਿੱਤਾ ਹੈ। ਉਨ੍ਹਾਂ ਅਨੁਸਾਰ ਉਹ ਕੇਵਲ ਗੁਰੂ ਹੀ ਹੈ ਜੋ ਮਨੁੱਖ ਨੂੰ ਇਸ ਸੰਸਾਰ ਰੂਪੀ ਭਵਸਾਗਰ ਵਿਚੋਂ ਬਾਹਰ ਕੱਢ ਸਕਦਾ ਹੈ। ਕਿਉਂਕਿ ਗੁਰੂ ਦੀ ਮਿਹਰ ਸਦਕਾ ਹੀ ਮਨੁੱਖ ਦਾ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ। ਗੁਰੂ ਦੁਆਰਾ ਦੱਸੇ ਹੋਏ ਮਾਰਗ ਉਪਰ ਚੱਲ ਕੇ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਉਸ ਨਾਲ ਇਕ ਮਿੱਕ ਹੋ ਸਕਦਾ ਹੈ। ਗੁਰੂ ਪਰਮਾਤਮਾ ਸਰੂਪ ਹੈ। ਜਿਨ੍ਹਾਂ ਜੀਵਾਂ ਉਪਰ ਗੁਰੂ ਦੀ ਮਿਹਰ ਹੁੰਦੀ ਹੈ ਉਹ ਹੀ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਜੁਗਤ ਹਾਸਿਲ ਕਰਦੇ ਹਨ:

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।।**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।**

**(ਅੰਗ 634)**

ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਦੇ ਤਿੰਨ ਪੜਾਵਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਹਰ ਇਕ ਮਨੁੱਖ ਨੂੰ ਜੀਵਨ ਵਿਚ ਬਚਪਨ, ਜਵਾਨੀ ਅਤੇ ਬੁਢਾਪੇ ਦੀ ਅਵਸਥਾ ਵਿਚੋਂ ਗੁਜ਼ਰਨਾ ਪੈਂਦਾ ਹੈ। ਉਨ੍ਹਾਂ ਮਨੁੱਖ ਨੂੰ ਸਮਝਾਉਂਦੇ ਹੋਏ ਕਿਹਾ ਹੈ ਕਿ ਬਚਪਨ ਦੀ ਅਵਸਥਾ ਖੇਡਣ-ਕੁੱਦਣ ਲਈ, ਜਵਾਨੀ ਕਾਰੋ-ਵਿਹਾਰ ਲਈ ਅਤੇ ਬੁਢਾਪੇ ਦੀ ਅਵਸਥਾ ਵਿਚ ਮਨੁੱਖ ਨੇ ਪਰਮਾਤਮਾ ਦਾ ਨਾਮ ਜਪਣਾ ਹੁੰਦਾ ਹੈ। ਅਸਲ ਵਿਚ ਮਨੁੱਖ ਆਪਣੇ ਜੀਵਨ ਵਿਚਲੀਆਂ ਇਨ੍ਹਾਂ ਤਿੰਨਾਂ ਅਵਸਥਾਵਾਂ ਦਾ ਆਨੰਦ ਪਰਮਾਤਮਾ ਦੀ ਇੱਛਾ ਸ਼ਕਤੀ ਮੁਤਾਬਿਕ ਹੀ ਉਠਾ ਸਕਦਾ ਹੈ। ਮਨੁੱਖ ਨੂੰ ਆਪਣੇ ਜੀਵਨ ਦਾ ਹਰ ਪਲ ਪਰਮਾਤਮਾ ਦੀ ਬੰਦਗੀ ਵਿਚ ਲਗਾਉਣਾ ਚਾਹੀਦਾ ਹੈ:

**ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ।।**
**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ।।** **(ਅੰਗ 1426)**

ਗੁਰੂ ਤੇਗ ਬਹਾਦਰ ਜੀ ਨੇ ਮੁਕਤੀ ਦਾ ਨਵਾਂ ਸੰਕਲਪ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਮੁਕਤੀ ਦਾ ਅਸਲ ਅਰਥ ਵਿਰਾਗਮਈ ਜੀਵਨ ਦਾ ਤਿਆਗ ਕਰਨਾ ਹੈ। ਗੁਰੂ ਜੀ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਆਪਣੇ ਲਈ ਤਾਂ ਸਾਰੇ ਲੋਕ ਜੀਉਂਦੇ ਹਨ ਪਰ ਅਸਲੀ ਜੀਵਨ ਤਾਂ ਦੂਜਿਆਂ ਲਈ ਕੁਰਬਾਨੀ ਦੇਣਾ ਹੈ। ਗੁਰੂ ਜੀ ਨੇ ਦੱਸਿਆ ਹੈ ਕਿ ਜਿਹੜੇ ਮਨੁੱਖ ਆਪਣੀਆਂ ਇੱਛਾਵਾਂ ਉਪਰ ਕਾਬੂ ਪਾ ਲੈਂਦੇ ਹਨ, ਮਾਨ-ਅਪਮਾਨ ਅਤੇ ਸੁਆਰਥ ਨੂੰ ਤਿਆਗ ਦਿੰਦੇ ਹਨ, ਉਹ ਅਸਲ ਵਿਚ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ:

**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ।।**
**ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ।।** **(ਅੰਗ 811)**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੈਰਾਗ ਭਰਪੂਰ ਹੈ। ਉਨ੍ਹਾਂ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਮਨੁੱਖ ਗ੍ਰਹਿਸਥ ਜੀਵਨ ਵਿਚ ਰਹਿ ਕੇ ਹੀ ਪਰਮਾਤਮਾ ਦੀ ਭਗਤੀ ਕਰ ਸਕਦਾ ਹੈ। ਕੇਵਲ ਗੁਰੂ ਹੀ ਉਸ ਨੂੰ ਮਾਇਆ ਰੂਪੀ ਸੰਸਾਰ ਵਿਚੋਂ ਬਾਹਰ ਕੱਢ ਸਕਦਾ ਹੈ। ਗੁਰੂ ਜੀ ਨੇ ਕਿਹਾ ਹੈ ਕਿ ਮਨੁੱਖ ਦਾ ਪਰਮਾਤਮਾ ਨਾਲ ਰਿਸ਼ਤਾ ਉਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਦਾ ਸਬੰਧ ਮੱਛਲੀ ਦਾ ਪਾਣੀ ਨਾਲ ਹੈ :

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ।।**
**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ।।** **(ਅੰਗ 1426)**

ਪ੍ਰੋ. ਕਿਸ਼ਨ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਵੈਰਾਗਮਈ ਸਿਧਾਂਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ:

"ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਵੈਰਾਗਮਈ ਹੈ। ਆਪ ਨੇ ਉਤਮ ਵੈਰਾਗ ਪ੍ਰਾਪਤ ਕੀਤਾ। ਉਨ੍ਹਾਂ ਦੇ ਵੈਰਾਗ ਵਿਚ ਦੁਖੀਆਂ ਲਈ ਦਰਦ, ਸੰਸਾਰ ਲਈ ਪਿਆਰ, ਧਰਮ ਲਈ ਆਪਾ ਵਾਰਨ ਦੀ ਤੀਬਰ ਇੱਛਾ, ਕੰਮ ਕਰਨ ਲਈ ਉਤਸ਼ਾਹ, ਸਵੈਮਾਣ ਦਾ ਜੀਵਨ ਗੁਜ਼ਾਰਨ ਦੀ ਪ੍ਰਬਲ ਤਾਂਘ ਤੇ ਆਦਰਸ਼ ਦੀ ਪ੍ਰਾਪਤੀ ਲਈ ਦ੍ਰਿੜ੍ਹ ਵਿਸ਼ਵਾਸ ਮਿਲਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਕ ਪਾਸੇ ਤਾਂ '**ਇਹੁ ਜਗੁ ਧੂਏ ਕਾ ਪਹਾਰ**' 'ਝੂਠਾ ਤਨੁ ਸਾਚਾ ਕਰਿ ਮਾਨਿਓ' ਦੱਸਦੀ ਹੈ ਤੇ ਦੂਸਰੇ ਪਾਸੇ '**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ**' ਕਹਿੰਦੀ ਹੈ।

**(ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੰਨਾ-183)**

ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਜੀਵਨ ਦਾ ਅਸਲ ਮਕਸਦ ਪਰਮਾਤਮਾ ਦੀ ਭਗਤੀ ਕਰਕੇ ਉਸ ਨਾਲ ਇਕਮਿਕ ਹੋਣ ਨੂੰ ਦੱਸਿਆ ਹੈ। ਉਨ੍ਹਾਂ ਕਿਹਾ ਇਸ ਤੋਂ ਬਿਨਾਂ ਸੰਸਾਰ ਵਿਚ ਸਭ ਝੂਠ ਹੈ, ਕੂੜ ਹੈ। ਮਨੁੱਖ ਨੂੰ ਇਹ ਜੀਵਨ ਕਰਮਾਂ ਨਾਲ ਮਿਲਿਆ ਹੈ। ਇਸ ਲਈ ਉਸ ਨੂੰ ਆਪਣੇ ਇਸ ਜੀਵਨ ਨੂੰ ਅਜਾਈਂ ਨਹੀਂ ਗੰਵਾਉਣਾ ਚਾਹੀਦਾ। ਕੇਵਲ ਪਰਮਾਤਮਾ ਦਾ ਨਾਮ ਹੀ ਰਹਿੰਦੀ ਦੁਨੀਆ ਤੱਕ ਰਹੇਗਾ, ਬਾਕੀ ਸਭ ਕੁੱਝ ਦਾ ਇਕ ਨਾ ਇਕ ਦਿਨ ਨਾਸ਼ ਹੋਣਾ ਹੈ। ਇਹ ਇਸ ਸੰਸਾਰ ਦੀ ਅਟੱਲ ਸਚਾਈ ਹੈ:

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ।।**
**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ।।**
**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ।।** **(ਅੰਗ 1352)**

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਵਿਚ ਮਨੁੱਖ ਨੂੰ ਖੁਸ਼ੀ ਅਤੇ ਗਮੀ, ਦੁੱਖ ਤੇ ਸੁੱਖ ਆਦਿ ਕਿਸੇ ਵੀ ਅਵਸਥਾ ਵਿਚ ਅਡੋਲ ਰਹਿਣ ਦੀ ਸਿਖਿਆ ਦਿੱਤੀ ਗਈ ਹੈ। ਦਰਅਸਲ ਇਹ ਦੋਨੋਂ ਅਵੱਸਥਾਵਾਂ ਮਨੁੱਖ ਲਈ ਘਾਤਕ ਹਨ ਕਿਉਂਕਿ ਖੁਸ਼ੀ ਹਾਸਿਲ ਕਰਕੇ ਮਨੁੱਖ ਦਾ ਹੰਕਾਰ ਵੱਧ ਜਾਂਦਾ ਹੈ ਅਤੇ ਉਹ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਤੇ ਕੁਰਾਹੇ ਪੈ ਜਾਂਦਾ ਹੈ। ਦੁੱਖ ਵੇਲੇ ਉਹ ਇਸ ਨੂੰ ਬਰਦਾਸ਼ਤ ਨਾ ਕਰਦੇ ਹੋਏ ਕਈ ਵਾਰ ਡਾਵਾਂਡੋਲ ਹੋ ਜਾਂਦਾ ਹੈ ਅਤੇ ਨਾਸਤਕ ਬਣ ਜਾਂਦਾ ਹੈ। ਗੁਰੂ ਜੀ ਨੇ ਦੱਸਿਆ ਹੈ ਕਿ ਇਨ੍ਹਾਂ ਦੋਨਾਂ ਹਾਲਤਾਂ ਵਿਚ ਮਨੁੱਖ ਨੂੰ ਸੰਭਲ ਕੇ ਚਲਣ ਦੀ ਲੋੜ ਹੈ ਅਤੇ ਕਿਸੇ ਵੀ ਹਾਲਤ ਵਿਚ ਪਰਮਾਤਮਾ ਦਾ ਲੜ ਨਹੀਂ ਛੱਡਣਾ ਚਾਹੀਦਾ:

**ਬਿਰਥਾ ਕਹਉ ਕਉਨ ਸਿਉ ਮਨ ਕੀ।।**
**ਲੋਭ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।।**
**ਸੁਖ ਕੈ ਹੇਤਿ ਬਹੁਤ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ।।**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।।**
**ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ।।**
**ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ।।**

(ਅੰਗ 411)

ਗੁਰੂ ਤੇਗ ਬਹਾਦਰ ਜੀ ਨੇ ਕਿਹਾ ਹੈ ਕਿ ਮਨੁੱਖ ਸੰਸਾਰਕ ਮੋਹ ਮਾਇਆ ਦੇ ਜਾਲ ਵਿਚ ਫਸ ਕੇ ਆਪਣਾ ਵਜੂਦ ਭੁੱਲੀਂ ਬੈਠਾ ਹੈ। ਇਸ ਤਰ੍ਹਾਂ ਉਹ ਮਾਇਆ ਦਾ ਦਾਸ ਬਣ ਕੇ ਰਹਿ ਜਾਂਦਾ ਹੈ। ਉਸ ਦਾ ਇਖ਼ਲਾਕ ਇੰਨਾ ਡਿੱਗ ਜਾਂਦਾ ਹੈ ਕਿ ਉਹ ਪਰਮਾਤਮਾ ਤੋਂ ਵੀ ਮੁੱਖ ਮੋੜਨ ਲੱਗ ਪੈਂਦਾ ਹੈ। ਉਹ ਚੰਗਾ ਮਾੜਾ ਸੋਚਣ ਦੇ ਸਮਰੱਥ ਨਹੀਂ ਰਹਿੰਦਾ। ਇਸ ਤਰ੍ਹਾਂ ਉਹ ਮਾਇਆ ਦੇ ਜਾਲ ਵਿਚ ਫਸ ਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ:

**ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ।।** (ਅੰਗ 219)

ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਜੀਵਨ ਵਿਚਲੇ ਵਿਕਾਰਾਂ ਤੋਂ ਬਚਣ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਵਿਕਾਰ ਹੀ ਹਨ ਜੋ ਮਨੁੱਖ ਅੰਦਰ ਹੰਕਾਰ ਪੈਦਾ ਕਰਕੇ ਉਸ ਤੋਂ ਗਲਤ ਕੰਮ ਕਰਵਾਉਂਦੇ ਹਨ। ਇਨ੍ਹਾਂ ਵਿਕਾਰਾਂ ਅਤੇ ਸੰਸਾਰਕ ਦੁੱਖਾਂ ਤੋਂ ਬਚਨ ਲਈ ਮਨੁੱਖ ਕਈ ਪ੍ਰਕਾਰ ਦੇ ਉਪਰਾਲੇ ਕਰਦਾ ਹੈ। ਉਹ ਜੰਗਲਾਂ ਵਿਚ ਭਟਕਦਾ ਫਿਰਦਾ ਹੈ, ਵਰਤ ਰੱਖਦਾ ਹੈ,ਆਪਣੇ ਸ਼ਰੀਰ ਨੂੰ ਕਈ ਪ੍ਰਕਾਰ ਦੇ ਤਸੀਹੇ ਦਿੰਦਾ ਹੈ ਪਰੰਤੂ ਉਸ ਨੂੰ ਮਾਨਸਿਕ ਸ਼ਾਂਤੀ ਕਿਤੇ ਨਹੀਂ ਮਿਲਦੀ ਅਤੇ ਨਾ ਹੀ ਉਸ ਦਾ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਹੁੰਦਾ ਹੈ। ਇਸ ਲਈ ਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਨ੍ਹਾਂ ਵਿਕਾਰਾਂ ਉਪਰ ਕਾਬੂ ਪਾਉਣ ਦਾ ਇਕੋ ਹੀ ਇਲਾਜ ਹੈ, ਪਰਮਾਤਮਾ ਦੀ ਸ਼ਰਨ ਵਿਚ ਜਾ ਕੇ ਉਸ ਦੀ ਭਗਤੀ ਕਰਨਾ:

**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ।।**
**ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ।।** (ਅੰਗ 839)

ਗੁਰੂ ਤੇਗ ਬਹਾਦਰ ਜੀ ਦਾ ਪੂਰਾ ਜੀਵਨ ਮਾਨਵਤਾ ਦੀ ਸੇਵਾ ਨਾਲ ਭਰਪੂਰ ਹੈ। ਆਪ ਨੇ ਇਕ ਸੱਚੇ ਸਿਪਾਹੀ ਵਾਂਗ ਦੇਸ਼ ਅਤੇ ਕੌਮ ਦੀ ਸੇਵਾ ਕੀਤੀ। ਆਪ ਲਈ ਸਭ ਤੋਂ ਉੱਚਾ ਧਰਮ ਮਾਨਵਤਾ ਦਾ ਰਿਹਾ ਹੈ। ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਵਲੋਂ ਹਿੰਦੁਸਤਾਨੀ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਧਾਰਨ ਕਰਨ ਲਈ ਤੰਗ ਕੀਤਾ ਜਾ ਰਿਹਾ ਸੀ ਤਾਂ ਗੁਰੂ ਜੀ ਅੱਗੇ ਆਏ। ਉਨ੍ਹਾਂ ਨੂੰ ਵੀ ਇਸਲਾਮ ਗ੍ਰਹਿਣ ਕਰਨ ਲਈ ਅਨੇਕ ਪ੍ਰਕਾਰ ਦੇ ਤਸੀਹੇ ਦਿੱਤੇ ਗਏ ਪਰ ਆਪ ਨੇ ਕੌਮ ਦੀ ਖਾਤਿਰ ਆਪਣੀ ਜਾਨ ਕੁਰਬਾਨ ਕਰ ਦਿੱਤੀ। ਗੁਰੂ ਤੇਗ ਬਹਾਦਰ ਜੀ ਨਿਮਰਤਾ ਦੇ ਪੁੰਜ ਸਨ। ਆਪ ਦੇ ਮਨ ਵਿਚ ਕਿਸੇ ਵੀ ਪ੍ਰਕਾਰ ਦਾ ਲਾਲਚ ਨਹੀਂ ਸੀ। ਚਾਹੇ ਉਹ ਗੁਰਗੱਦੀ ਦੀ ਪ੍ਰਾਪਤੀ ਹੀ ਕਿਉਂ ਨਾ ਹੋਵੇ। ਨਾ ਹੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਧਾਰਮਿਕ ਗੁਣ ਦਾ ਪ੍ਰਯੋਗ ਕਰਕੇ ਕਿਸੇ ਪ੍ਰਕਾਰ ਦੀਆਂ ਰਿੱਧੀਆਂ-ਸਿੱਧੀਆਂ ਕੀਤੀਆਂ। ਉਨ੍ਹਾਂ ਵਲੋਂ ਦਿੱਤੀ ਗਈ ਸ਼ਹਾਦਤ ਅੱਜ ਵੀ ਲਾ ਮਿਸਾਲ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਨੇ ਗੁਰੂ ਜੀ ਦੇ ਅਜਿਹੇ ਸੁਭਾਅ ਦੇਖਦੇ ਹੋਏ ਮੁੱਲਵਾਨ ਟਿੱਪਣੀ ਕੀਤੀ ਹੈ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾ ਤਾਂ ਕਦੇ ਗੱਦੀ ਲਈ ਪ੍ਰਤੀਯੋਗੀ ਹੋਏ ਅਤੇ ਨਾ ਹੀ ਕਰਾਮਾਤ ਦੀ ਮਾਇਆ ਦੇ ਦੀਵਾਨੇ ਬਣੇ। ਉਹ ਤਾਂ ਸੱਚੀ ਮਨੁੱਖਤਾ ਦੇ ਸੱਚੇ ਪੈਰੋਕਾਰ ਸਨ, ਜਿਨ੍ਹਾਂ ਆਪ ਕਸ਼ਮੀਰੀ ਪੰਡਤਾਂ ਨੂੰ ਇਹ ਮਸ਼ਵਰਾ ਦਿੱਤਾ ਕਿ ਉਹ ਜਾ ਕੇ ਔਰੰਗਜ਼ੇਬ ਨੂੰ ਕਹਿਣ ਕਿ ਜੇ ਸਾਡੇ ਧਰਮ ਗੁਰੂ ਸ੍ਰੀ ਤੇਗ ਬਹਾਦਰ ਜੀ ਇਸਲਾਮ ਕਬੂਲ ਕਰ ਲੈਣ ਤਾਂ ਕਾਸ਼ੀ ਤੋਂ ਲੈ ਕੇ ਕਸ਼ਮੀਰ ਤੱਕ ਸਾਰੇ ਪੰਡਤ ਆਪਣੇ ਆਪ ਇਸਲਾਮ ਕਬੂਲ ਕਰ ਲੈਣਗੇ। (ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਤੇਗ ਬਹਾਦਰ ਜੀਵਨ ਦਰਸ਼ਨ ਔਰ ਵਿਵੇਚਨ, ਪੰਨਾ-40)

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਮਨੁੱਖਤਾ ਦੀ ਭਲਾਈ ਵਾਸਤੇ ਹੈ। ਇਹ ਬਾਣੀ ਇਕ ਆਦਰਸ਼ਕ ਮਨੁੱਖ ਲਈ ਹੈ ਜਿਹੜੀ ਕਿ ਅੱਜ ਦੇ ਮਨੁੱਖ ਲਈ ਵੀ ਉਨੀ ਹੀ ਸਾਰਥਕ ਹੈ ਜਿੰਨੀ ਕਿ ਗੁਰੂ ਜੀ ਦੇ ਸਮੇਂ ਵਿਚ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਵਿਚਾਰਧਾਰਾ ਰਾਹੀਂ ਮਨੁੱਖ ਨੂੰ ਸਾਂਝੀਵਾਲਤਾ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਉਨ੍ਹਾਂ ਦੀ ਸਮੁੱਚੀ ਬਾਣੀ ਵੈਰਾਗਮਈ ਜੀਵਨ ਅਤੇ ਸੰਸਾਰਕ ਨਾਸ਼ਮਾਨਤਾ ਨਾਲ ਭਰਪੂਰ ਹੈ। ◆

## ਮਿਟ ਜਾਣਗੇ ਉਹਨੂੰ ਮਿਟਾਉਣ ਵਾਲੇ।

ਬਦਲੇ ਸਮੇਂ ਨੇ ਤੇਵਰ ਤੇ ਕਈ ਬਦਲੇ,
ਬਦਲ ਗਏ ਕਈ ਸਮਾਂ ਬਦਲਾਉਣ ਵਾਲੇ।
ਪਲਟੇ ਸਮੇਂ ਦੇ ਪਲਟੇ ਨੇ ਕਈ ਪਲਟੇ,
ਪਲਟ ਗਏ ਕਈ ਸਮਾਂ ਪਲਟਾਉਣ ਵਾਲੇ।
ਘੇਰ ਸਮੇਂ ਦੇ ਘੇਰ ਨੇ ਕਈ ਘੇਰੇ,
ਘੇਰ ਸਮੇਂ ਨੂੰ ਘੇਰ ਕਈ ਪਾਉਣ ਵਾਲੇ।
ਨਾਚ ਸਮੇਂ ਦੇ ਨਾਚ ਨਾਲ ਕਈ ਨੱਚੇ,
ਨਾਚ ਸਮੇਂ ਨੂੰ ਕਈ ਨਚਾਉਣ ਵਾਲੇ।
ਜਿਹੜੀ ਕੌਮ ਸ਼ਹੀਦਾਂ ਨੂੰ ਭੁੱਲਦੀ ਨਹੀਂ,
ਪੈਦਾ ਕਰੇ ਸ਼ਹੀਦੀਆਂ ਪਾਉਣ ਵਾਲੇ।
ਕੌਣ ਜੰਮਿਆਂ ਉਹਨੂੰ ਜੋ ਮੇਟ ਸਕੇ,
ਮਿਟ ਜਾਣਗੇ ਉਹਨੂੰ ਮਿਟਾਉਣ ਵਾਲੇ।

ਸ੍ਰ. ਦਲੀਪ ਸਿੰਘ 'ਬਾਵਾ' (ਗੁਰਪੁਰਵਾਸੀ)

ਪ੍ਰੇਰਕ ਪ੍ਰਸੰਗ

# ਖੁਸ਼ੀਆਂ ਦਾ ਅਨੰਦਮਈ ਸਾਗਰ

ਹਰਪ੍ਰੀਤ ਸਿੰਘ
(ਸੋਸ਼ਲ ਮੀਡੀਆ)
ਧੰਨਵਾਦ ਸਹਿਤ

ਗੇਟ ਤੇ ਬੈੱਲ ਵੱਜੀ.....

ਨੌਕਰ ਨੇ ਦੱਸਿਆ ਕਿ ਸੁਸਾਇਟੀ ਦਾ ਚੌਂਕੀਦਾਰ ਗੁਰਮੁਖ ਸਿੰਘ ਹੈ!

ਮੈਂ ਪੁੱਛਿਆ.... ਤਨਖਾਹ ਤੇ ਨਹੀਂ ਸੀ ਬਕਾਇਆ ਉਸ ਦੀ ਇਸ ਮਹੀਨੇ ਦੀ..?

ਅੱਗੋਂ ਕਹਿੰਦਾ... ਨਹੀਂ ਜੀ ਉਹ ਤੇ ਪਹਿਲੀ ਨੂੰ ਹੀ ਫੜਾ ਦਿੱਤੀ ਸੀ..!

ਸੋਚੀਂ ਪੈ ਗਿਆ ..ਫੇਰ ਕਿਉਂ ਆਇਆ ਇਸ ਵੇਲੇ ਸਵੇਰੇ ਸਵੇਰੇ ..?

ਫੇਰ ਕੁਝ ਸੋਚ ਕੇ ਨੌਕਰ ਨੂੰ ਕਿਹਾ ਚੱਲ ਭੇਜ ਦੇ ਅੰਦਰ ਓਨੂੰ!

ਉਹ ਹੱਸਦਾ ਹੋਇਆ ਅੰਦਰ ਆਇਆ...ਹੱਥ ਵਿਚ ਲੱਡੂਆਂ ਦਾ ਡੱਬਾ ਸੀ!

ਆਉਂਦਿਆਂ ਹੀ ਗੋਡਿਆਂ ਨੂੰ ਹੱਥ ਲਾ ਭੁੰਜੇ ਬਹਿ ਗਿਆ ..!

ਖੁਸ਼ੀ 'ਚ ਖੀਵਾ ਹੁੰਦਾ ਬੋਲਿਆ ...''ਸਰਦਾਰ ਜੀ ਮੁੰਡਾ ਪਾਸ ਹੋਇਆ ਦਸਵੀਂ 'ਚੋਂ 65% ਨੰਬਰ ਲੈ ਕੇ!

ਖ਼ਾਨਦਾਨ 'ਚੋਂ ਪਹਿਲਾ ਜੁਆਕ ਜੀਨੇ ਦਸਵੀਂ ਪਾਸ ਕੀਤੀ ..ਉਹ ਵੀ ਆਪਣੇ ਸਿਰ ਤੇ ..!

ਸਾਡੇ ਹਮਾਤੜਾਂ ਦੇ ਹਾਲਾਤ ਤੁਹਾਥੋਂ ਕਿਹੜੇ ਲੁਕੇ ਆ ..ਪੰਜ ਨਿਆਣੇ ..ਦੋ ਵਿਆਹੁਣ ਯੋਗ ਧੀਆਂ ..

ਲਕਵੇ ਦੀ ਮਾਰੀ ਵਹੁਟੀ ਤੇ ਉੱਤੋਂ ਕਿਰਾਏ ਦਾ ਘਰ ..ਫੇਰ ਵੀ ਬੜੀ ਕਿਰਪਾ ਕੀਤੀ ਵਾਹਿਗੁਰੂ ਨੇ!''

ਮੈਂ ਪੁੱਛਿਆ ''ਚਾਹ ਪੀਵੇਂਗਾ ਗੁਰਮੁਖ ...?''

ਕਹਿੰਦਾ ''ਸ਼ੁਕਰ ਹੈ ਜੀ ਤੁਸੀਂ ਦੋ ਘੜੀਆਂ ਪਿਆਰ ਨਾਲ ਗੱਲਾਂ ਕਰ ਲਈਆਂ ..ਮੈਨੂੰ ਗਰੀਬ ਨੂੰ ਸਭ ਕੁਝ ਮਿਲ ਗਿਆ।''

ਮੈਂ ਅੰਦਰ ਗਿਆ ...ਲਫਾਫੇ ਵਿਚ ਸੌ ਸੌ ਦੇ ਦੋ ਨੋਟ ਪਾ ਉਸ ਦੇ ਵਲ ਵਧਾਏ ..ਉਹ ਅੱਗੋਂ ਫੜੇ ਹੈਨਾ ..ਆਖੇ ਲੱਡੂ ਸ਼ਗਨ ਲੈਣ ਵਾਸਤੇ ਥੋੜ੍ਹੀ ਸਨ ਲਿਆਂਦੇ ...

ਕਹਿੰਦਾ ਬਸ ਖੁਸ਼ੀ ਮਿਲੀ ..ਸਾਂਭੀ ਨੀ ਗਈ ਤੇ ਸਾਂਝੀ ਕਰਨ ਆ ਗਿਆ ਥੋਡੇ ਦਰ 'ਤੇ ...

ਬਾਪ ਨੂੰ ਚੇਤੇ ਕਰ ਅੱਖਾਂ ਭਰ ਲਈਆਂ ... ਕਹਿੰਦਾ ਬਾਪੂ ਜੀ ਕਹਿੰਦਾ ਹੁੰਦਾ ਸੀ .. ਪੁੱਤ ਖੁਸ਼ੀ ਸਾਂਝੀ ਕੀਤਿਆਂ ਵਧਦੀ ਹੈ ..ਤੇ ਕਾਲ ਪੁਰਖ ਹੋਰ ਬਰਕਤ ਪਾਉਂਦਾ ਹੈ''।

ਬਸ ਏਨਾ ਕਹਿੰਦਾ ਉਠਿਆ ਤੇ ਗੋਡਿਆਂ ਨੂੰ ਹੱਥ ਲਾ ਤੁਰਦਾ ਬਣਿਆ!

ਮੈਨੂੰ ਯੂਰੋਪ ਘੁੰਮਣ ਗਿਆ ਆਪਣਾ ਮੁੰਡਾ ਚੇਤੇ ਆ ਗਿਆ ...

ਵੀਹ ਹਜ਼ਾਰ ਡਾਲਰ ਨਾਲ ਲੈ ਕੇ ਗਿਆ ...ਵੀਹ ਹੋਰ ਮੰਗਾਏ ਪਿਛਲੇ ਹਫਤੇ .. ਤੇ ਫੇਰ ਜਦੋਂ ਪਰਸੋਂ ਪੰਦਰਾਂ ਵਾਸਤੇ ਫੇਰ ਫੋਨ ਕਰ ਦਿੱਤਾ ਤਾਂ ਏਨਾ ਹੀ ਪੁੱਛਿਆ ਪੁੱਤ ਇੰਨੇ ਪੈਸੇ ਕਾਦੇ ਲਈ..ਤੇ ਫੋਨ ਕੱਟ ਗਿਆ ਗੁੱਸੇ ਨਾਲ!

ਸਾਰਾ ਸਾਰਾ ਦਿਨ ਕਮਰੇ ਵਿਚ ਬੰਦ ਰਹਿੰਦੀ ਧੀ ਦੀ ਸ਼ਕਲ ਦੇਖਿਆਂ ਕਈ ਦਿਨ ਹੋ ਗਏ ਪਰ ਲੈਪ-ਟਾਪ ਤੇ ਵੱਜਦੀਆਂ ਉਂਗਲਾਂ ਦੀ ਵਾਜ ਇਹ ਤਸੱਲੀ ਦਿੰਦੀ.....ਕੇ ਚਲੋ ਹੈ ਤੇ ਘਰੇ ਈ!

ਛੋਟੇ ਭਾਈ ਦਾ ਸ਼ੇਅਰ ਮਾਰਕੀਟ ਕਰੈਸ਼ ਤੋਂ ਬਾਅਦ ਹੋਇਆ ਕਰੋੜਾਂ ਦਾ ਨੁਕਸਾਨ ਤੇ ਫੇਰ ਹਸਪਤਾਲ ਵਿਚ ਹੋਇਆ ਉਸ ਦਾ ਦਿਲ ਦਾ ਓਪਰੇਸ਼ਨ!

ਭਤੀਜੇ ਦੇ ਨੰਬਰ 95% ਤੋਂ ਘੱਟ ਆਏ ਤੇ ਫੇਰ ਘਰ ਵਿਚ ਪਏ ਕਲੇਸ਼ ਤੇ ਭਾਬੀ ਦੇ ਬੋਲ ਕੇ ..ਇਸ ਮੁੰਡੇ ਨੇ ਸਾਨੂੰ ਸੋਸਾਇਟੀ ਵਿਚ ਮੂੰਹ ਦਿਖਾਉਣ ਜੋਗਾ ਨਹੀਂ ਛਡਿਆ! ਏਨੀਆਂ ਟਿਊਸ਼ਨਾਂ..ਤਾਂ ਵੀ ਏਨੇ ਘੱਟ ਨੰਬਰ!

ਮੈਨੂੰ ਟੇਬਲ 'ਤੇ ਪਏ ਲੱਡੂਆਂ ਦੇ ਡੱਬੇ ਵੱਲ ਦੇਖ ਈਰਖਾ ਹੋਈ ਜਾ ਰਹੀ ਸੀ!

ਕਿਥੇ ਮਿਲਦੀਆਂ ਏਡੀਆਂ ਸੰਤੁਸ਼ਟ ਤੇ ਸੰਤੋਖੀਆਂ ਹੋਈਆਂ ਰੂਹਾਂ ਅੱਜ ਕੱਲ...?

ਦਿਖਾਵੇ ਤੇ ਅਮੀਰੀ ਦੀ ਚਾਦਰ ਲਪੇਟੀ ਭਟਕਦੇ ਹੋਏ ਬਨਾਵਟੀ ਲੋਕ ...ਦਿਨੇ ਰਾਤੀ ਬੱਸ ਇੱਕੋ ਸੋਚ ....ਹੋਰ ਪੈਸੇ ..ਹੋਰ ਕਾਰਾਂ ..ਵੱਡੇ ਘਰ....ਵੱਡਾ ਬੈਂਕ ਬੈਲੰਸ ....ਵੱਧ ਪਰਸੇਂਟੇਜ ...ਵਧੀਆ ਕਾਲਜ ..ਵਧੀਆ ਜ਼ਿੰਦਗੀ ..ਮੁਨਾਫ਼ਾ ...ਪ੍ਰੋਫਿਟ ...ਆਰਾਮ ..ਇੱਜਤ ..ਅਸਰ ਰਸੂਖ ....ਵਧੀਆ ਸੁਖ ਸਹੂਲਤਾਂ ..ਤੇ ਸਰਕਾਰੇ-ਦਰਬਾਰੇ ਵਾਕਫ਼ੀਆਂ! ਬਸ ਇਸੇ ਨਾ-ਮੁੱਕਣ ਵਾਲੀ ਭਟਕਣ ਵਿਚ ਗੁਆਚੇ ਹੋਏ ਅਸੀਂ ਲੋਕ ਆਪਣੇ ਅੰਦਰ ਮੌਜੂਦ 'ਖੁਸ਼ੀਆਂ ਦੇ ਅਨੰਦਮਈ ਸਾਗਰ' ਨੂੰ ਨਜ਼ਰ ਅੰਦਾਜ਼ ਕਰ ਬਾਹਰੀ ਤਿੱਖੀ ਧੁੱਪ ਵਿਚ ਖਲੋਤੇ ਪਾਣੀ ਦੇ ਟੈਂਕਰ ਨੂੰ ਉਡੀਕੀ ਜਾਂਦੇ ਹਾਂ! ◆

**ਅੱਜ ਦਾ ਕੰਮ ਅੱਜ ਹੀ ਕਰੀਏ,**
**ਕੱਲ੍ਹ 'ਤੇ ਕਿਉਂ ਪਾਈਏ?**
**ਜੋ ਕੁੱਝ ਨਹੀਂ ਕਰਦੇ, ਉਹ ਕੁੱਝ ਨਹੀਂ ਬਣਦੇ**
**ਆਲਸੀ ਨਹੀਂ ਕਿਰਤੀ ਬਣੀਏ**

ਜੋਤੀ ਜੋਤਿ ਦਿਵਸ 'ਤੇ ਵਿਸ਼ੇਸ਼

# ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

**ਅੰਮ੍ਰਿਤਪਾਲ ਬਾਂਸਲ**
ਚੀਫ਼ ਮੈਨੇਜ਼ਰ (ਰਿਟਾ.), ਯੂਕੋ ਬੈਂਕ, ਲੁਧਿਆਣਾ
ਮੋ. 98154-85668

ਸੇਵਾ ਅਤੇ ਨਿਮਰਤਾ ਦੇ ਪੁੰਜ, ਮਹਾਨ ਧਰਮ-ਸਾਧਕ, ਸਮਾਜ ਸੁਧਾਰਕ, ਕੋਮਲ-ਦਿਲ, ਉੱਚ ਕੋਟੀ ਦੇ ਬਾਣੀਕਾਰ, ਧਰਮ ਪ੍ਰਚਾਰਕ ਅਤੇ ਅਨੰਤ ਗੁਣਾਂ ਦੇ ਮਾਲਕ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਈ. ਵਿਚ ਪਿੰਡ ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ), ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਲਖਮੀ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਭੱਲਾ ਪਰਿਵਾਰ ਦੇ ਇੱਕ ਛੋਟੇ ਜਿਹੇ ਵਪਾਰੀ ਸਨ। 24 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਸ੍ਰੀ ਦੇਵੀ ਚੰਦ ਜੀ ਦੀ ਸਪੁੱਤਰੀ ਮਾਤਾ ਰਾਮ ਕੌਰ ਜੀ ਨਾਲ ਹੋਇਆ, ਜਿਨ੍ਹਾਂ ਤੋਂ ਆਪ ਜੀ ਦੇ ਦੋ ਸਪੁੱਤਰ-ਬਾਬਾ ਮੋਹਣ ਜੀ ਅਤੇ ਬਾਬਾ ਮੋਹਰੀ ਜੀ ਅਤੇ ਦੋ ਸਪੁੱਤਰੀਆਂ-ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਨੇ ਜਨਮ ਲਿਆ।

ਗੁਰੂ ਅਮਰਦਾਸ ਜੀ ਵੈਸ਼ਨੂੰ ਮੱਤ ਦੇ ਪੱਕੇ ਅਨੁਆਈ ਸਨ ਤੇ ਹਰ ਸਾਲ ਗੰਗਾ ਇਸ਼ਨਾਨ ਲਈ ਜਾਇਆ ਕਰਦੇ ਸਨ। ਇਕੀਸਵੀਂ ਵਾਰ, ਜਦੋਂ ਆਪ ਹਰਿਦੁਆਰ ਤੋਂ ਵਾਪਸ ਆ ਰਹੇ ਸਨ, ਤਾਂ ਆਪ ਜੀ ਦੀ ਮੁਲਾਕਾਤ ਇਕ ਸਾਧੂ ਨਾਲ ਹੋਈ। ਗੁਰੂ ਅਮਰਦਾਸ ਜੀ ਨੇ ਉਸ ਸਾਧੂ ਨੂੰ ਭੋਜਨ ਛਕਾਇਆ। ਭੋਜਨ ਛਕਣ ਤੋਂ ਬਾਅਦ, ਸਾਧੂ ਨੇ ਆਪ ਜੀ ਕੋਲੋਂ ਉਨ੍ਹਾਂ ਦੇ ਗੁਰੂ ਬਾਰੇ ਪੁੱਛਿਆ ਤਾਂ ਆਪ ਜੀ ਨੇ ਕਿਹਾ ਕਿ ਉਨ੍ਹਾਂ ਦਾ ਗੁਰੂ ਕੋਈ ਨਹੀਂ। ਸਾਧੂ ਕ੍ਰੋਧਿਤ ਹੋ ਉੱਠਿਆ ਅਤੇ ਕਹਿਣ ਲੱਗਿਆ, ਮੈਂ ਗੁਰੂ ਹੀਣ ਵਿਅਕਤੀ ਦੇ ਹੱਥੋਂ ਭੋਜਨ ਕਰਕੇ ਬਹੁਤ ਵੱਡਾ ਪਾਪ ਕੀਤਾ ਹੈ ਅਤੇ ਮੈਨੂੰ ਇਹ ਪਾਪ ਧੋਣ ਲਈ ਫਿਰ ਗੰਗਾ ਜਾਣਾ ਪਵੇਗਾ। ਇਹ ਸ਼ਬਦ ਸੁਣ ਕੇ ਗੁਰੂ ਅਮਰਦਾਸ ਜੀ ਦਾ ਮਨ ਬੜਾ ਦੁਖੀ ਹੋਇਆ ਤੇ ਈਸ਼ਵਰ ਅੱਗੇ ਗੁਰੂ ਪ੍ਰਾਪਤੀ ਲਈ ਪ੍ਰਾਰਥਨਾ ਕੀਤੀ। ਸੰਜੋਗ ਵੀ ਐਸਾ ਬਣਿਆ ਕਿ ਆਪ ਜੀ ਨੂੰ ਆਪਣੇ ਘਰ ਦੇ ਸਹਿਯੋਗ ਨਾਲ ਗੁਰੂ ਦੀ ਪ੍ਰਾਪਤੀ ਹੋ ਗਈ।

ਇਕ ਦਿਨ ਸਵੇਰੇ ਆਪ ਜੀ ਨੇ ਬੀਬੀ ਅਮਰੋ ਜੀ, ਜੋ ਆਪ ਜੀ ਦੇ ਭਰਾ ਦੀ ਨੂੰਹ ਸੀ, ਦੇ ਮੁਖ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਬਾਣੀ ਦੇ ਕੁਝ ਸ਼ਬਦ ਸੁਣੇ ਅਤੇ ਮਨ ਉੱਤੇ ਡੂੰਘਾ ਪ੍ਰਭਾਵ ਪਿਆ। ਪੁੱਛ ਬੈਠੇ, ਤਾਂ ਜਵਾਬ ਮਿਲਿਆ ਕਿ ਇਹ ਮਧੁਰ ਬਾਣੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੁਰਗੱਦੀ 'ਤੇ ਇਸ ਵਕਤ ਉਨ੍ਹਾਂ ਦੇ ਪੂਜਨੀਕ ਪਿਤਾ, ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਬਸ ਫਿਰ ਕੀ ਸੀ, ਦਰਸ਼ਨ ਦੀ ਲਾਲਸਾ ਜਾਗਰਿਤ ਹੋ ਗਈ। ਬੀਬੀ ਅਮਰੋ ਜੀ ਨੂੰ ਲੈ ਕੇ ਖਡੂਰ ਸਾਹਿਬ ਪਹੁੰਚ ਗਏ 'ਦਰਸ਼ਨ ਭੇਟਤ ਹੋਤ ਅਨੰਦਾ' ਵਾਲੀ ਅਵਸਥਾ ਬਣ ਗਈ। ਰਿਸ਼ਤੇ ਵਿਚ ਕੁੜਮਾਚਾਰੀ ਦਾ ਵਿਚਾਰ ਨਹੀਂ ਆਇਆ ਅਤੇ ਗੁਰੂ ਚਰਨੀਂ ਪੈ ਗਏ। ਉਸ ਸਮੇਂ ਆਪ ਜੀ ਦੀ ਉਮਰ 62 ਸਾਲਾਂ ਦੀ ਸੀ ਅਤੇ ਗੁਰੂ ਅੰਗਦ ਦੇਵ ਜੀ ਲਗਭਗ 36 ਸਾਲਾਂ ਦੇ ਸਨ। ਆਪ ਜੀ ਨੇ ਖਡੂਰ ਸਾਹਿਬ ਵਿਖੇ ਨਿਵਾਸ ਕਰ ਲਿਆ।

ਆਪ ਜੀ ਹਰ ਰੋਜ਼ ਪ੍ਰਭਾਤ ਵੇਲੇ ਬਿਆਸ ਨਦੀ ਤੋਂ ਮੋਢੇ 'ਤੇ ਗਾਗਰ ਰੱਖ ਕੇ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨ ਲਈ ਪਾਣੀ ਲਿਆਇਆ ਕਰਦੇ ਸਨ ਤੇ ਪ੍ਰੇਮ ਸਹਿਤ ਇਸ਼ਨਾਨ ਕਰਵਾਉਂਦੇ ਤੇ ਫਿਰ ਸੰਗਤ ਦੀ ਹਾਜ਼ਰੀ ਭਰਦੇ ਸਨ। ਕਈ ਲੋਕ ਆਪ ਜੀ ਨੂੰ ''ਨੌਕਰ, ਪਾਗਲ, ਕਹਾਰ'' ਭਾਵ ਪਾਣੀ ਢੋਣ ਵਾਲਾ ਕਹਿਕੇ ਆਪ ਜੀ ਦਾ ਮਜ਼ਾਕ ਉਡਾਇਆ ਕਰਦੇ ਸਨ। ਆਪ ਜੀ ਇਨ੍ਹਾਂ ਨਿਰਾਦਰੀ ਭਰੇ ਸ਼ਬਦਾਂ ਦੀ ਕੋਈ ਪਰਵਾਹ ਨਹੀਂ ਕਰਦੇ ਸਨ। ਆਪ ਜੀ ਦੇ ਮਨ ਵਿਚ ਆਪਣੇ ਗੁਰੂ ਲਈ ਸਤਿਕਾਰ ਸੀ ਅਤੇ ਆਪਣੇ ਘਰ ਵਿਚ ਵੀ ਗੁਰੂ ਦੇ ਸਥਾਨ ਵੱਲ ਪਿੱਠ ਨਹੀਂ ਕਰਦੇ ਸਨ। ਆਪ ਜੀ ਨੇ ਲੰਗਰ ਦੇ ਬਰਤਨ ਮਾਂਜਣ, ਲਕੜੀਆਂ ਲਿਆਣਾ, ਪਾਣੀ ਢੋਣਾ, ਗਰਮੀ ਦੀ ਰੁੱਤੇ ਪੱਖਾ ਝੱਲਣਾ, ਸੰਗਤਾਂ ਦੀ ਸੇਵਾ ਕਰਨ ਨੂੰ ਆਪਣੇ ਜੀਵਨ ਦਾ ਉਦੇਸ਼ ਬਣਾ ਲਿਆ ਸੀ। ਇਸ ਤਰ੍ਹਾਂ ਆਪ ਜੀ ਨੇ 11-12 ਸਾਲਾਂ ਤੱਕ ਗੁਰੂ ਅੰਗਦ ਸਾਹਿਬ ਜੀ ਦੀ ਤਨ-ਮਨ ਨਾਲ ਸੇਵਾ ਕੀਤੀ।

ਸਰਦੀ ਦੀ ਇਕ ਹਨੇਰੀ ਰਾਤ ਨੂੰ ਜਦੋਂ ਸਰਦੀ ਵੀ ਪੂਰੇ ਜੋਬਨ 'ਤੇ ਸੀ ਅਤੇ ਮੀਂਹ ਵੀ ਪੂਰੇ ਜ਼ੋਰ ਨਾਲ ਪੈ ਰਿਹਾ ਸੀ, ਤਾਂ ਆਪਣੇ 12 ਸਾਲਾਂ ਦੇ ਨਿਯਮ ਅਨੁਸਾਰ, ਗੁਰੂ ਅਮਰਦਾਸ ਜੀ ਪਾਣੀ ਦੀ ਗਾਗਰ ਲੈ ਕੇ ਵਾਪਸ ਆ ਰਹੇ ਸਨ ਤਾਂ ਹਨੇਰੇ ਵਿਚ ਆਪ ਜੀ ਇਕ ਜੁਲਾਹੇ ਦੇ ਘਰ ਦੇ ਅੱਗੇ, ਖੱਡੀ ਦੇ ਕਿੱਲੇ ਨਾਲ ਠੋਕਰ ਲੱਗਣ ਕਾਰਨ ਡਿੱਗ ਪਏ ਪ੍ਰੰਤੂ ਆਪ ਜੀ ਨੇ ਪਾਣੀ ਨਾਲ ਭਰੀ ਗਾਗਰ ਨਹੀਂ ਡਿੱਗਣ ਦਿੱਤੀ। ਖੜਾਕ ਦੀ ਅਵਾਜ਼ ਸੁਣ ਕੇ, ਜੁਲਾਹੇ ਨੇ ਪਤਨੀ ਤੋਂ ਪੁੱਛਿਆ, ''ਕੌਣ ਹੈ''? ਪਤਨੀ ਨੇ ਕਿਹਾ, ''ਹੋਵੇਗਾ ਉਹ ਅਮਰੂ ਨਿਥਾਵਾਂ, ਜਿਸ ਦਾ ਨਾ ਘਰ ਹੈ ਨਾ ਘਾਟ, ਜਿਸ ਨੂੰ ਨਾ ਦਿਨੇ ਚੈਨ ਹੈ ਤੇ ਨਾ ਰਾਤੀ ਆਰਾਮ। ਰੋਟੀ ਦੇ ਬਦਲੇ ਕੁੜਮਾਂ ਦੇ ਦਰਵਾਜ਼ੇ 'ਤੇ ਰੁਲ ਰਿਹਾ ਹੈ।'' ਇਹ ਗੱਲ ਸੁਣ ਕੇ ਗੁਰੂ ਅਮਰਦਾਸ ਜੀ ਦੇ ਮੁਖ ਤੋਂ ਇਹ ਬਚਨ ਨਿਕਲਿਆ, ''ਓ ਕਮਲੀਏ, ਪਹਿਲਾਂ ਤਾਂ ਮੈਂ ਜ਼ਰੂਰ ਨਿਥਾਵਾਂ ਸੀ, ਪਰ ਹੁਣ ਤਾਂ ਮੇਰੇ ਸਿਰ 'ਤੇ ਮੇਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੱਥ ਹੈ। ਗੁਰੂ ਵਾਲੇ ਕਦੇ ਵੀ ਨਿਥਾਵੇਂ ਨਹੀਂ ਹੁੰਦੇ।'' ਕਹਿੰਦੇ ਹਨ, ਜੁਲਾਹੀ ਉਸੇ ਸਮੇਂ ਹੀ ਕਮਲੀ ਹੋ ਗਈ। ਇਹ ਘਟਨਾ ਸੰਨ 1552 ਵਿਚ ਵਾਪਰੀ, ਜਦੋਂ ਆਪ 73 ਕੁ ਸਾਲਾਂ ਦੇ ਸਨ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਭਰੀ ਸੰਗਤ ਅੱਗੇ ਗੁਰੂ ਅਮਰਦਾਸ ਜੀ ਨੂੰ ਅਨੇਕਾਂ ਆਸ਼ੀਰਵਾਦ ਦੇ ਕੇ ਕਿਹਾ ਕਿ ''ਹੇ ਭਲਿਆ ਪੁਰਖਾ! ਤੁਸੀਂ ਤਾਂ ਨਿਮਾਣਿਆਂ ਦੇ ਮਾਣ ਹੋ, ਨਿਓਟਿਆਂ ਦੀ ਓਟ ਹੋ, ਨਿਆਸਰਿਆਂ ਦਾ ਆਸਰਾ ਹੋ, ਨਿਗਰਿਆਂ ਦਾ ਘਰ ਹੋ ਅਤੇ ਇਸ ਤਰ੍ਹਾਂ 12 ਨਾਵਾਂ ਨਾਲ ਪ੍ਰਸ਼ੰਸਾ ਕੀਤੀ।'' ਗੁਰੂ ਅਮਰਦਾਸ ਜੀ ਨੇ 62 ਸਾਲਾਂ ਦੀ

ਬਿਰਧ ਅਵਸਥਾ ਤੋਂ 73 ਸਾਲਾਂ ਤੱਕ ਦੀ ਉਮਰ ਤੱਕ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਤੇ ਸੰਗਤਾਂ ਦੀ ਪੂਰੀ ਲਗਨ, ਸ਼ਰਧਾ, ਹਲੀਮੀ ਅਤੇ ਨਿਮਰਤਾ ਨਾਲ ਕਠਿਨ ਸੇਵਾ ਕੀਤੀ, ਜਿਸ ਦੀ ਕੋਈ ਦੂਸਰੀ ਮਿਸਾਲ ਮਿਲਣੀ ਅਸੰਭਵ ਹੈ। ਇਸ ਤੋਂ ਪ੍ਰਭਾਵਿਤ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਸਿੱਖ ਪਰੰਪਰਾ ਅਨੁਸਾਰ, 29 ਮਾਰਚ, 1552 ਈ. ਨੂੰ (ਗੁਰੂ) ਅਮਰਦਾਸ ਜੀ ਨੂੰ ਤੀਸਰੇ ਗੁਰੂ ਦੇ ਰੂਪ ਵਿਚ, ਸਭ ਸੰਗਤਾਂ ਦੀ ਮੌਜੂਦਗੀ ਵਿਚ ਗੁਰਗੱਦੀ ਸੌਂਪ ਦਿੱਤੀ। ਲਗਨ-ਭਰੀ ਕਰੜੀ ਸੇਵਾ ਘਾਲਣਾ ਤੋਂ ਖੁਸ਼ ਹੋ ਕੇ ਗੱਦੀ ਦਾ ਵਾਰਿਸ ਬਣਾ ਦਿੱਤਾ। ਭਾਈ ਗੁਰਦਾਸ ਜੀ ਨੇ ਇਸ ਦਾ ਵਰਨਣ ਆਪਣੇ ਸੁੰਦਰ ਸ਼ਬਦਾਂ ਵਿਚ ਇਸ ਤਰ੍ਹਾਂ ਕੀਤਾ ਹੈ :-

**ਤੀਸਰ ਮਹਲ ਅਮਰ ਪਰਧਾਨਾ॥**
**ਜਿਹ ਘਟ ਮਹਿ ਨਿਰਖੇ ਹਰਿ ਭਗਵਾਨਾ॥**
**ਜਲ ਭਰਿਓ ਸਤਿਗੁਰੁ ਕੇ ਦੁਆਰੇ॥**
**ਤਬ ਇਹ ਪਾਇਓ ਮਹਲ ਅਪਾਰੇ॥** **(ਵਾਰ ੪੧, ਪਉੜੀ ੨੧)**

ਆਪ ਜੀ ਨੂੰ ਗੱਦੀ ਉੱਤੇ ਬੈਠਣ ਸਮੇਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪ੍ਰੰਤੂ ਮੁਸ਼ਕਲਾਂ ਨੂੰ ਚੀਰਦੇ ਹੋਏ ਆਪ ਨੇ ਸਿੱਖ ਧਰਮ ਦੇ ਸੰਗਠਨ ਤੇ ਵਿਕਾਸ ਲਈ ਅਨੇਕਾਂ ਕੰਮ ਵੀ ਕੀਤੇ ਜਿਨ੍ਹਾਂ ਵਿਚ :

ਗੋਇੰਦਵਾਲ ਵਿਚ ਬਉਲੀ ਦਾ ਨਿਰਮਾਣ, ਲੰਗਰ ਸੰਸਥਾ ਦਾ ਵਿਸਥਾਰ, ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਜਾਂ ਪ੍ਰਚਾਰਕ ਸੰਗਠਿਤ ਕਰਨਾ, ਸ਼ਬਦਾਂ ਦੇ ਸੰਗ੍ਰਹਿ ਤੋਂ ਇਲਾਵਾ, ਸਮਾਜਿਕ ਸੁਧਾਰ ਵੀ ਕੀਤੇ। ਆਪ ਜੀ ਨੇ ਜਾਤੀ ਭੇਦਭਾਵ ਦਾ ਖੰਡਨ ਕੀਤਾ, ਸਤੀ ਪ੍ਰਥਾ ਦੀ ਨਿਖੇਧੀ ਕੀਤੀ। ਪਰਦੇ ਦੀ ਪ੍ਰਥਾ ਦੀ ਮਨਾਹੀ, ਨਸ਼ਿਆਂ ਦੀ ਨਿਖੇਧੀ, ਮੌਤ, ਵਿਆਹ ਤੇ ਜਨਮ ਸਬੰਧੀ ਰੀਤਾਂ ਵਿਚ ਸੁਧਾਰ ਕੀਤਾ। ਲੰਗਰ ਵਿਚ ''ਪਹਿਲੇ ਪੰਗਤ ਪਾਛੈ ਸੰਗਤ'' ਦੀ ਵਿਵਸਥਾ ਆਪ ਜੀ ਦੀ ਹੀ ਦੇਣ ਹੈ। ਆਪ ਜੀ ਦੇ ਲੰਗਰ ਵਿਚ ਬਾਦਸ਼ਾਹ ਅਕਬਰ ਨੇ ਵੀ ਲੰਗਰ ਛਕਿਆ।

ਆਪ ਜੀ ਦੀ ਬਾਣੀ ਦੇ 907 ਸ਼ਬਦ, 19 ਰਾਗਾਂ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ।

(ਗੁਰੂ) ਰਾਮਦਾਸ ਜੀ, ਆਪ ਜੀ ਦੀ ਹਰ ਪ੍ਰੀਖਿਆ ਵਿਚ ਪੂਰੇ ਉਤਰੇ। ਇਸ ਕਰਕੇ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਬਖ਼ਸ਼ਿਸ਼ (ਗੁਰੂ) ਰਾਮਦਾਸ ਜੀ ਨੂੰ ਕਰਨ ਦਾ ਮਨ ਬਣਾ ਲਿਆ। 1 ਸਤੰਬਰ 1574 ਨੂੰ ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਸੌਂਪ ਦਿੱਤੀ। ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰੂ ਸਾਹਿਬ ਜੀ ਨੇ ਵਿਸ਼ੇਸ਼ ਤੌਰ 'ਤੇ ਹਦਾਇਤ ਕੀਤੀ :

**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥** **(ਅੰਗ ੯੨੩)**

ਪਰਿਵਾਰ ਅਤੇ ਸਿੱਖ ਸੰਗਤ ਦੀ ਹਾਜ਼ਰੀ ਵਿਚ ਹੁਕਮ ਦਿੱਤਾ ਕਿ ਮੇਰੇ ਦੇਹਾਂਤ ਮਗਰੋਂ, ਕਿਸੇ ਨੇ ਵਿਯੋਗ ਵਿਚ ਉੱਕਾ ਨਹੀਂ ਰੋਣਾ ਅਤੇ ਸਾਰੇ ਹੀ ਮਿਲ ਬੈਠ ਕੇ ਨਾਮ ਬਾਣੀ ਦਾ ਕੀਰਤਨ, ਕਥਾ ਕਰਨ। ਇਸ ਤੋਂ ਬਾਅਦ ਆਪ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਖ਼ਸੀਅਤ ਐਨੀ ਪ੍ਰਭਾਵਸ਼ਾਲੀ ਸੀ ਕਿ ਜਿਸ ਤਰਫੋਂ ਗੁਰੂ ਜੀ ਲੰਘਦੇ ਸਨ, ਉਥੇ ਦਾ ਜਨ ਸਮੂੰਹ ਵਿਸਮਾਦਿਤ ਹੋ ਕੇ ਦੇਖਦਾ ਹੀ ਰਹਿ ਜਾਂਦਾ ਸੀ। ਆਪ ਜੀ ਗਿਆਨ, ਭਗਤੀ ਤੇ ਸਾਧਨਾ ਨਾਲ ਸੰਪੰਨ, ਉਸ ਸਮੇਂ ਦੀਆਂ ਵਿਪਰੀਤ ਹਾਲਾਤਾਂ ਵਿਚ ਤੇ ਕਲਯੁਗੀ ਘੋਰ ਹਨੇਰੀ ਤੁਫਾਨ ਵਿਚ ਵੀ ਪਹਾੜ ਦੀ ਤਰ੍ਹਾਂ ਅਡੋਲ ਰਹੇ, ਜਿਸ ਦਾ ਵਰਨਣ ਗੁਰੂ-ਘਰ ਦੇ ਰਬਾਬੀ ਸਿੱਖਾਂ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ, ਰਾਮਕਲੀ ਦੀ ਵਾਰ ਵਿਚ ਇਸ ਤਰ੍ਹਾਂ ਕੀਤਾ ਹੈ :

**ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ ॥**
**ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥**
**ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥** **(ਅੰਗ ੯੬੮)**

ਉਹ ਸੁਜਾਨ ਅਕਾਲ ਪੁਰਖ (ਆਪ ਗੁਰੂ ਅਮਰਦਾਸ ਦੇ ਰੂਪ ਵਿਚ) ਅਵਤਾਰ ਲੈ ਕੇ ਜਗਤ ਵਿਚ ਆਇਆ ਹੈ। ਉਹ ਵਿਕਾਰਾਂ ਦੇ ਝੱਖੜ ਵਿਚ ਨਹੀਂ ਡੋਲਦੇ, ਵਿਕਾਰਾਂ ਦੀ ਹਨੇਰੀ ਵੀ ਝੁਲ ਪਏ ਤਾਂ ਨਹੀਂ ਡੋਲਦੇ, ਉਹ ਤਾਂ ਮਾਨੋ ਸੁਮੇਰ ਪਰਬਤ ਹਨ। ਜੀਵਾਂ ਦੇ ਦਿਲ ਦੀ ਪੀੜਾ ਜਾਣਦੇ ਹਨ, ਜਾਣੀ-ਜਾਣ ਹਨ।

ਭੱਟ ਸਾਹਿਬਾਨ ਸ੍ਰੀ ਗੁਰੂ ਅਮਰਦਾਸ ਜੀ ਦੀ ਉਪਮਾ ਦਾ ਗਾਇਨ ਕਰਦੇ ਹੋਏ, ਫੁਰਮਾਨ ਕਰ ਰਹੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨਾਰਾਇਣ-ਰੂਪ ਹਨ। ਨਿਰੰਕਾਰ ਨੇ ਸ੍ਰੀ ਅਮਰਦਾਸ ਜੀ ਦਾ ਆਕਾਰ ਸਰੂਪ ਧਾਰਣ ਕਰਕੇ ਸੰਸਾਰ ਵਿਚ ਜਨਮ ਲਿਆ ਹੈ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥** **(ਅੰਗ ੧੩੯੫)**

ਜਿਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕੀਤੀ ਹੈ, ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਗਏ ਹਨ।

**ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ ॥**
**(ਅੰਗ ੧੩੯੫)**

ਸ੍ਰੀ ਗੁਰੂ ਅਮਰਦਾਸ ਜੀ ਅਨੰਤ ਗੁਣਾਂ ਦੇ ਸਵਾਮੀ ਹਨ, ਜਿਨ੍ਹਾਂ ਨੂੰ ਲਿਖਣਾ ਅਸੰਭਵ ਹੈ। ਅੰਤ ਵਿਚ ਭੱਟ ਭਲ੍ਹ ਜੀ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਬਦਲਾਂ ਦੀਆਂ ਕਣੀਆਂ, ਧਰਤੀ ਦੀ ਬਨਸਪਤੀ, ਬਸੰਤ ਦੇ ਫੁਲ ਗਿਣੇ ਨਹੀਂ ਜਾ ਸਕਦੇ। ਸੂਰਜ ਅਤੇ ਚੰਦਰਮਾ ਦੀਆਂ ਕਿਰਨਾਂ, ਸਮੁੰਦਰਾਂ ਦੇ ਪੇਟ ਵਿਚ ਪਏ ਪਦਾਰਥਾਂ ਦਾ ਜਾਂ ਗੰਗਾ ਵਿਚ ਉਠਣ ਵਾਲੀਆਂ ਲਹਿਰਾਂ ਦਾ ਕੌਣ ਪਾਰ ਪਾ ਸਕਦਾ ਹੈ। ਸ਼ਿਵਜੀ ਵਾਂਗ ਪੂਰਨ ਸਮਾਧੀ ਲਾਕੇ ਅਤੇ ਸਤਿਗੁਰੂ ਦੇ ਬਖ਼ਸ਼ੇ ਗਿਆਨ ਦੁਆਰਾ, ਹੇ ਭਲ੍ਹ ਕਵੀ! ਉਪਰ ਦੱਸੇ ਪਦਾਰਥਾਂ ਨੂੰ ਭਾਵੇਂ ਕੋਈ ਮਨੁੱਖ ਵਰਨਣ ਕਰ ਸਕੇ ਪ੍ਰੰਤੂ ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਦੇ ਗੁਣਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਆਪ ਜੇਹੇ ਤਾਂ ਤੁਸੀਂ ਆਪ ਹੀ ਹੋ :

**ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥**
**ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥**
**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ ॥**
**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥**
**(ਅੰਗ ੧੩੯੬)**

◆

# ਬੋਲੈ ਸੇਖ ਫਰੀਦੁ



**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥**
**ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ**
**ਮਨਹੁ ਮਚਿੰਦੜੀਆ ॥੧॥ ਰਹਾਉ ॥ (ਅੰਗ ੪੮੮)**

ਸ਼ੇਖ ਫਰੀਦ ਜੀ (1173-1266 ਈ.) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀਕਾਰਾਂ ਵਿਚੋਂ ਇਕ ਹਨ। ਧਾਰਮਿਕ ਪਿਛੋਕੜ ਅਤੇ ਸਿੱਖਿਆ ਦੇ ਪੱਖੋਂ ਫਰੀਦ ਜੀ ਪੱਕੇ ਸਿਰੜੀ ਮੁਸਲਮਾਨ ਸਨ। ਆਪ ਜੀ ਦੁਆਰਾ ਰਚਿਤ ਬਾਣੀ ਸਲੋਕਾਂ ਤੇ ਸ਼ਬਦਾਂ ਦੇ ਰੂਪ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਫਰੀਦ ਕੇ' ਦੇ ਸਿਰਲੇਖ ਹੇਠ 130 ਸਲੋਕ ਹਨ। ਇਨ੍ਹਾਂ ਵਿਚੋਂ 112 ਸਲੋਕ ਫਰੀਦ ਜੀ ਦੀ ਰਚਨਾ ਹਨ ਤੇ 18 ਗੁਰੂ ਸਾਹਿਬਾਨ ਦੇ ਹਨ। ਜਿਥੇ ਕਿਤੇ ਵੀ ਵਿਚਾਰਧਾਰਾ ਦੀ ਵਧੇਰੇ ਸਪੱਸ਼ਟਤਾ ਦੀ ਲੋੜ ਭਾਸੀ, ਅਤੇ ਜਾਂ ਫਿਰ ਫਰੀਦ ਜੀ ਦੇ ਸਲੋਕ ਤੋਂ ਸ਼ਰਧਾਲੂ ਪਾਠਕ ਦੇ ਮਨ ਵਿਚ ਕੋਈ ਸ਼ੰਕਾ ਜਾਂ ਦੁਬਿਧਾ ਉਪਜਣ ਦੀ ਸੰਭਾਵਨਾ ਨਜ਼ਰ ਆਈ, ਉਥੇ ਗੁਰੂ ਸਾਹਿਬਾਨ ਵਲੋਂ ਆਪਣੇ ਸਲੋਕ ਲਿਖੇ ਗਏ। ਗੁਰੂ ਸਾਹਿਬਾਨ ਵਲੋਂ ਰਚੇ ਗਏ 18 ਸਲੋਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਗੁਰੂ ਨਾਨਕ ਦੇਵ ਜੀ ਦੇ 4 ਸਲੋਕ
ਗੁਰੂ ਅਮਰਦਾਸ ਜੀ ਦੇ 5 ਸਲੋਕ
ਗੁਰੂ ਰਾਮਦਾਸ ਜੀ ਦਾ 1 ਸਲੋਕ
ਗੁਰੂ ਅਰਜਨ ਦੇਵ ਜੀ ਦੇ 8 ਸਲੋਕ

ਇਹਨਾਂ ਤੋਂ ਇਲਾਵਾ 4 ਸ਼ਬਦ ਹਨ, 2 ਰਾਗ ਆਸਾ ਵਿਚ ਤੇ 2 ਸੂਹੀ ਰਾਗ ਵਿਚ ਦਰਜ਼ ਹਨ।

ਫਰੀਦ ਬਾਣੀ ਵਿਚ ਇਕ ਅੱਲਾ ਦੇ ਵਿਸ਼ਵਾਸ ਨੂੰ ਬੜੀ ਹੀ ਦ੍ਰਿੜ੍ਹਤਾ ਨਾਲ ਪ੍ਰਗਟਿਆ ਵੇਖਿਆ ਜਾ ਸਕਦਾ ਹੈ। ਖੁਦਾਇ ਨਾਲ ਰੱਤੇ ਜਾਣ ਨੂੰ ਉਹ ਸੁਭਾਗ ਦੱਸਦੇ ਹਨ।

ਸ਼ੇਖ ਫਰੀਦ ਜੀ ਦੇ ਮਨ ਉੱਤੇ ਨਮਾਜ਼ ਦੀ ਕੀਮਤ ਦਾ ਪ੍ਰਭਾਵ ਅਮਿੱਟ ਸੀ। ਫਰੀਦ ਜੀ ਨਮਾਜ਼ ਪ੍ਰਤੀ ਪਾਲਣਾ ਦੀ ਹਦਾਇਤ ਅਤਿ ਸਖ਼ਤੀ ਨਾਲ ਕਰਦੇ ਹਨ। 'ਬੇਨਿਵਾਜਾ ਕੁਤਿਆ' ਦੀ ਗੱਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਨ ਦਾ ਇਹੋ ਭਾਵ ਹੈ ਕਿ ਫਰੀਦ ਦੀ 'ਨਮਾਜ਼' ਦਾ ਚਿਹਨ ਪ੍ਰਭੂ ਅੱਗੇ ਸਮਰਪਣ ਤੇ ਰੱਬੀ ਯਾਦ ਵਿਚ ਗੁਆਚ ਜਾਣ ਦਾ ਪ੍ਰਤੀਕ ਹੈ।

ਸ਼ੇਖ ਫਰੀਦ ਜੀ ਬਹੁਤ ਵੱਡੇ ਵਿਦਵਾਨ ਅਤੇ ਅਨੁਭਵੀ ਸੂਫ਼ੀ ਸਨ। ਉਹਨਾਂ ਨਾ ਕੇਵਲ ਸੂਫ਼ੀਆਂ ਦੇ ਪ੍ਰਭਾਵ ਨੂੰ ਹੀ ਕਬੂਲਿਆ ਸਗੋਂ ਇਨ੍ਹਾਂ ਦੇ ਸਿਧਾਂਤਿਕ ਪਿੜ ਵਿਚ ਵੀ ਸੂਖ਼ਮ ਵਾਧਾ ਕੀਤਾ। ਬਾਣੀ ਵਿਚਲੇ ਅਨੁਭਵ ਉਹਨਾਂ ਨੂੰ ਸੂਫ਼ੀਆਂ ਦਾ ਸੂਫ਼ੀ, ਫਕੀਰਾਂ ਦਾ ਫਕੀਰ, ਦਰਵੇਸ਼ਾਂ ਦਾ ਦਰਵੇਸ਼ ਅਤੇ ਮੁਰਸ਼ਦਾਂ ਦਾ ਮੁਰਸ਼ਦ ਬਣਾ ਦਿੰਦੇ ਹਨ। ਇਸੇ ਲਈ ਗੁਰੂ ਨਾਨਕ ਸਾਹਿਬ ਦੀ ਪਰਮ-ਪਾਰਖੂ ਨਜ਼ਰ ਭਾਰਤੀ ਸੂਫ਼ੀਆਂ ਦੀ ਪਰਖ ਚੋਣ ਕਰਦੀ ਫਰੀਦ ਜੀ 'ਤੇ ਆ ਟਿਕੀ। ਰੱਬ ਨਾਲ ਸੱਚਾ ਇਸ਼ਕ ਕਰਨ ਦੀ ਪ੍ਰੇਰਣਾ, ਦੁਨੀਆ ਦੀ ਅਸਥਿਰਤਾ ਸਮਝਣ ਦੀ ਚੇਤਾਵਨੀ, ਮੌਤ ਦਾ ਡਰ, ਬਿਰਹੋਂ ਦੀ ਸੰਵੇਦਨਾ, ਪ੍ਰੀਤ ਦੀ ਜਗਿਆਸਾ ਤੇ ਦੁੱਖਾਂ ਦੀ ਅਸਲੀਅਤ ਨੂੰ ਪ੍ਰਵਾਨਣ ਲਈ ਫਰੀਦ ਜੀ ਮਨੁੱਖ ਨੂੰ ਤਾੜਦੇ, ਝੰਜੋੜਦੇ ਅਤੇ ਚੇਤੰਨ ਕਰਦੇ ਹਨ। ਫਰੀਦ ਜੀ ਦੀ ਸਮੁੱਚੀ ਬਾਣੀ ਬੰਦੇ ਨੂੰ ਬੰਦਗੀ ਕਰਨ, ਸਵੈ-ਅਨੁਸ਼ਾਸਿਤ ਜੀਵਨ ਜੀਊਣ ਅਤੇ ਸੰਸਾਰ ਦੀ ਨਾਸ਼ਮਾਨਤਾ ਨੂੰ ਸਾਹਮਣੇ ਰੱਖ ਕੇ ਆਸ਼ਾਵਾਦੀ ਜੀਵਨ ਜੀਊਣ ਦੀ ਪ੍ਰੇਰਨਾ ਕਰਦੀ ਹੈ :

**ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥**
**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥**
**(ਅੰਗ ੧੩੮੨)**

ਡਾ. ਭੁਪਿੰਦਰ ਕੌਰ 'ਕਵਿਤਾ'

Registration No. : R.N.I. 26465/76 dt. 16-9-1976
P.O. Regd. No. : L-6/PB/LDC/0777/2020-22

Date of Publication : 25th of Every Month
Date of Posting : 28th of of Every Month
Posted at : MBC, Ludhiana RMS 141 008

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵਿਰਸਾ ਪਬਲੀਕੇਸ਼ਨਜ਼ ਵਲੋਂ ਪ੍ਰਕਾਸ਼ਤ ਪੁਸਤਕਾਂ

**Books by Virsa Publications Guru Gobind Singh Study Circle**

amazon & Google Play Books 'ਤੇ ਵੀ ਉਪਲੱਬਧ ਹਨ।

**Available online now**

ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ

# ਵਿਰਸਾ ਪਬਲੀਕੇਸ਼ਨਜ਼

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

| | |
|---|---|
| ਇਸ ਮਨੁ ਕਉ ਕੋਈ ਖੋਜਹੁ ਭਾਈ<br>Eis Man Ko Koee Khojahu Bhaaee | Rs. 300/-<br>Page : 480 |
| ਜਪੁ ਵਿਚਾਰ<br>Jap Vichar | Rs. 300/-<br>Page : 300 |
| ਇੰਞ ਕਰੀਏ ਬੱਚਿਆਂ ਦੀ ਪਰਵਰਿਸ਼<br>Inj Kariye Bachiyan Di Parvarish | Rs. 120/-<br>Page : 196 |
| ਸਿੱਖ ਇਤਿਹਾਸ - ਬਿਓਰਾ ਸ੍ਰੀ ਗੁਰੂ ਗ੍ਰੰਥ ਸਾਹਿਬ<br>Sikh Itehas Ate Beora | Rs. 150/-<br>Page : 248 |
| ਰੱਜ ਕੇ ਅਮੀਰ ਬਣੀਏ<br>Raj ke Ameer Baniye | Rs. 70/-<br>Page : 124 |
| ਚੋਣਵੀਆਂ ਸਾਖੀਆਂ<br>Chonwian Sakhian | Rs. 60/-<br>Page : 104 |

















**ਨੋਟ : Search 'ਤੇ ਪੁਸਤਕ ਦਾ ਨਾਮ ਲਿਖ ਕੇ ਪੁਸਤਕ ਦਾ ਆਰਡਰ ਸਬੰਧਤ APP ਰਾਹੀਂ ਦਿਉ ਜੀ।**

ਉਪਰੋਕਤ ਅਤੇ ਹੋਰ ਗੁਰਮਤਿ ਪੁਸਤਕਾਂ ਸਿੱਧੇ ਤੌਰ 'ਤੇ ਮੰਗਵਾਉਣ ਲਈ ਸੰਪਰਕ ਕਰੋ :

98882-66676 info@ggssc.net www.ggssc.net

ਕੇਂਦਰੀ ਦਫ਼ਤਰ : ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ (ਪੰਜਾਬ) – 141002

ਸ੍ਰ: ਰਣਜੀਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਫੁਆਇਲ ਪ੍ਰਿੰਟਰਜ਼, ਲੁਧਿਆਣਾ ਤੋਂ ਛਪਵਾ ਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਈ ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਤੋਂ 25-8-2020 ਨੂੰ ਪ੍ਰਕਾਸ਼ਤ ਕੀਤਾ।